Only those shareholders whose name appears in the Register of Member or in the Register of Beneficial Owner as on Friday, February 10, 2023 ("Cut-off date") are eligible to cast their vote electronically and their voting right shall be in proportion to the shares held by them in the paid-up equity share capital of the Company. The Remote e-voting period will commence from 09.00 a.m. (IST) on Wednesday, February 22, 2023 and will end at 5.00 p.m. (1ST) on Thursday, March 23, 2023 ("Voting Period"). After the Voting Period, the Remote e-voting module shall be disabled by CDSL and accordingly, the voting shall not be allowed thereafter. Once the vote on the resolution is cast by the Member, he/she shall not be allowed to change it subsequently.

Members note that those who have not registered their e-mail address with the Company/ Depositories, may register the same by completing following process:

Demat Holding	By contacting Depository Participant ("DP") and registering e-mail address and mobile number in demat account, as per the process advised by the DP.

For detailed instructions members may please refer Postal Ballot Notice, Explanatory Statement as well as Instruction for e-voting. For any query connected with the Resolution proposed to be passed by means of Postal Ballot through Remote e-voting, the members may contact at the Company Secretary of the Company at investors@jeenasikho.co.in.

For Jeena Sikho Lifecare Limited
Sd/-
Manish Grover
Managing Director
DIN: 07557886

Date: February 20, 2023
Place: Zirakpur, Punjab

DEMAND NOTICE

Under Section 13(2) of the Securitisation And Reconstruction of Financial Assets And Enforcement of Security Interest Act, 2002 (the said Act.) read with Rule 3 (1) of the Security Interest (Enforcement) Rules, 2002 (the said Rules). In exercise of powers conferred under Section 13(12) of the said Act read with Rule 3 of the said Rules, the Authorised Officer of IIFL Home Finance Ltd.(IIFL HFL) (Formerly known as India Infoline Housing Finance Ltd.) has issued Demand Notices under section 13(2) of the said Act, calling upon the Borrower(s), to repay the amount mentioned in the respective Demand Notice(s) issued to them. In connection with above, notice is hereby given, once again, to the Borrower(s) to pay within 60 days from the publication of this notice, the amounts indicated herein below, together with further interest from the date(s) of Demand Notice till the date of payment. The detail of theBorrower(s), amount due as on date of Demand Notice and security offered towards repayment of loan amount are as under:-

Name of the Borrower(s), /Guarantor (s)	Demand Notice Date & Amount	Description of secured asset (immovable property)
Mr. Aanand Narayan, Mr. Kamaldutt, Mrs.Surti Devi **(Prospect No IL10157843)**	**16-Feb-2023 Rs. 21,58,114/-** (Rupees Twenty One Lakh Fifty Eight Thousand One Hundred Fourteen Only)	All that piece and parcel of the property being: Property out of Khasra No.1234(1-1)- Part Plot Waka, Total Land Area Ad Measuring 976 Sq.Ft., Gali No 2, Jyoti Nagar, Karnal, Haryana, India, 132001.

If the said Borrowers fail to make payment to IIFL HFL as aforesaid, IIFL HFL may proceed against the above secured assets under Section 13(4) of the said Act, and the applicable Rules, entirely at the risks, costs and consequences of the Borrowers.For, further details please contact to Authorised Officer at Branch Office : IIFL HFL Karnal - SCO - 408, GF, Mugal Canal, Karnal, Haryana - 132001/or Corporate Office : IIFL Tower, Plot No. 98, Udyog Vihar, Ph-IV Gurgaon, Haryana.

Place: Karnal Date: 21.02.2023 — **Sd/- Authorised Officer, For IIFL Home Finance Ltd**

"IMPORTANT"

Whilst care is taken prior to acceptance of advertising copy, it is not possible to verify its contents. The Indian Express (P) Limited cannot be held responsible for such contents, nor for any loss or damage incurred as a result of transactions with companies, associations or individuals advertising in its newspapers or Publications. We therefore recommend that readers make necessary inquiries before sending any monies or entering into any agreements with advertisers or otherwise acting on an advertisement in any manner whatsoever.

ਮਹਾਂਸ਼ਿਵਰਾਤਰੀ ਮੌਕੇ ਸ਼ਿਵ ਭਗਤਾਂ ਨੇ ਕੀਤੀ ਸ਼ਿਵ ਪੂਜਾ ਅਰਚਨਾ



ਮਲੋਟ (ਗੁਰਮੀਤ ਸਿੰਘ ਮੱਕੜ)-ਮਹਾਂਸ਼ਿਵਰਾਤਰੀ ਦੇ ਪਾਵਨ ਮੌਕੇ ਸ਼ਿਵ ਭਗਤਾਂ ਵੱਲੋਂ ਪੂਰੀ ਸ਼ਰਧਾ ਭਾਵਨਾ ਨਾਲ ਸ਼ਿਵ ਪੂਜਾ ਅਰਚਨਾ ਕੀਤੀ ਗਈ। ਸ਼ਹਿਰ ਦੇ ਵੱਖ ਵੱਖ ਮੰਦਰਾਂ, ਜਿਸ ਵਿੱਚ ਸ਼੍ਰੀ ਵੈਸ਼ਨੂੰ ਦੁਰਗਾ ਮੰਦਰ, ਪ੍ਰਾਚੀਨ ਸ਼ਨੀ ਦੇਵ ਮੰਦਰ, ਸ਼੍ਰੀ ਕ੍ਰਿਸ਼ਨਾ ਮੰਦਰ, ਮੰਡੀ ਹਰਜੀ ਰਾਮ, ਸ਼ਿਵ ਮੰਦਰ ਸਟੇਸ਼ਨ ਵਾਲਾ, ਸਨਾਤਨ ਧਰਮ ਕ੍ਰਿਸ਼ਨਾ ਮੰਦਰ, ਮਾਤਾ ਚਿੰਤਪੂਰਨੀ ਮੰਦਰ, ਖਾਟੂ ਸ਼ਿਆਮ ਮੰਦਰ, ਸ਼ੇਸ਼ਨਾਗ ਮੰਦਰ ਤੋਂ ਇਲਾਵਾ ਹੋਰ ਮੰਦਰਾਂ ਵਿੱਚ ਰੁਦਰ ਅਭਿਸ਼ੇਕ ਕੀਤਾ ਤੇ ਇਸ ਤੋਂ ਇਲਾਵਾ ਸ਼ਿਵ ਪਾਰਵਤੀ ਮਾਤਾ ਦੇ ਵਿਆਹ ਦੇ ਭਜਨ ਗਾਏ ਗਏ।ਇਸ ਮੌਕੇ ਸਾਰਾ ਮਾਹੌਲ ਹੀ ਸ਼ਿਵ ਭੋਲੇ ਦੇ ਰੰਗ ਵਿੱਚ ਰੰਗਿਆ ਨਜ਼ਰ ਆ ਰਿਹਾ ਸੀ। ਪ੍ਰਾਚੀਨ ਸ਼ਨੀ ਦੇਵ ਮੰਦਰ ਦੇ ਪੁਜਾਰੀ ਮਹਾਂਵੀਰ ਪ੍ਰਸ਼ਾਦ, ਸ਼੍ਰੀ ਵੈਸ਼ਨੂੰ ਦੁਰਗਾ ਮੰਦਰ ਦੇ ਪ੍ਰਧਾਨ ਜਗਜੀਵਨ ਸੁਖੀਜਾ, ਸ਼ਿਵ ਭਗਤ ਚੰਦਰ ਮੋਹਨ ਡੋਡਾ, ਟਵਿੰਕਲ ਕਮਰਾ, ਰਾਜ ਰੱਸੇਵੱਟ, ਸੁਰਿੰਦਰ ਛਾਬੜਾ ਆਦਿ ਨੇ ਦੱਸਿਆ ਕਿ ਸ਼ਿਵ ਭਗਤਾਂ ਨੇ ਪੂਰੀ ਸ਼ਰਧਾ ਭਾਵਨਾ ਨਾਲ ਸ਼ਿਵ ਭੋਲ਼ੇ ਦੀ ਪੂਜਾ ਅਰਚਨਾ ਕੀਤੀ ਤੇ ਸ਼ਿਵ ਪਾਰਵਤੀ ਮਾਤਾ ਦੇ ਵਿਆਹ ਦੇ ਗੀਤ ਗਾ ਕੇ ਸਾਰਾ ਮਾਹੌਲ ਧਾਰਮਿਕ ਰੰਗ ਵਿੱਚ ਰੰਗ ਦਿੱਤਾ। ਇਸ ਦੌਰਾਨ ਹਰ ਹਰ ਮਹਾਂਦੇਵ ਦੇ ਜੈਕਾਰੇ ਗੂੰਜਦੇ ਰਹੇ।

ਲਗਜ਼ਰੀ ਚਮੜੇ ਦੇ ਬ੍ਰਾਂਡ ਬਰੂਨ ਐਂਡ ਬਰੇਸਕਿਨ ਨੇ ਲੁਧਿਆਣਾ 'ਚ ਨਵਾਂ ਸਟੋਰ ਖੋਲ੍ਹਿਆ



ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)-ਲਗਜ਼ਰੀ ਚਮੜੇ ਦੇ ਬ੍ਰਾਂਡ ਬਰੂਨ ਐਂਡ ਬਰੇਸਕਿਨ ਨੇ ਐਤਵਾਰ ਨੂੰ ਸਰਾਭਾ ਨਗਰ ਲੁਧਿਆਣਾ ਵਿਖੇ ਆਪਣਾ ਨਵਾਂ ਸਟੋਰ ਖੋਲ੍ਹਿਆ, ਜਿਸ ਵਿੱਚ ਬੈਗ, ਵਾਲਿਟ, ਜੁੱਤੀਆਂ, ਬੈਲਟਾਂ ਤੇ ਹੋਰ ਸਹਾਇਕ ਉਪਕਰਣ ਸ਼ਾਮਲ ਹਨ। ਦਿੱਲੀ ਤੇ ਜਲੰਧਰ ਵਿੱਚ ਬ੍ਰਾਂਡ ਦੇ ਪਿਛਲੇ ਸਟੋਰਾਂ ਨੇ ਪਹਿਲਾਂ ਹੀ ਇੱਕ ਵਫ਼ਾਦਾਰ ਗਾਹਕ ਅਧਾਰ ਹਾਸਲ ਕਰ ਲਿਆ ਹੈ ਅਤੇ ਲੁਧਿਆਣਾ ਵਿੱਚ ਨਵਾਂ ਸਟੋਰ ਸਿਰਫ ਭਾਰਤੀ ਲਗਜ਼ਰੀ ਮਾਰਕੀਟ ਵਿੱਚ ਬਰੂਨ ਤੇ ਬਰੇਸਕਿਨ ਦੇ ਪੈਰਾਂ ਨੂੰ ਮਜ਼ਬੂਤ ਕਰੇਗਾ। ਬਰੂਨ ਐਂਡ ਬਰੇਸਕਿਨ ਦੇ ਡਾਇਰੈਕਟਰ ਟੈਬੀ ਭਾਟੀਆ ਨੇ ਕਿਹਾ ਕਿ ਸਾਨੂੰ ਭਰੋਸਾ ਹੈ ਕਿ ਲੁਧਿਆਣਾ ਦੇ ਲੋਕ ਸਾਡੇ ਉੱਚ-ਗੁਣਵੱਤਾ ਵਾਲੇ, ਹੈਂਡਕ੍ਰਾਫਟਡ ਚਮੜੇ ਦੇ ਉਤਪਾਦਾਂ ਦੀ ਸ਼ਲਾਘਾ ਕਰਨਗੇ ਤੇ ਅਸੀਂ ਸ਼ਹਿਰ ਦੇ ਫੈਸ਼ਨ ਦ੍ਰਿਸ਼ ਦਾ ਇੱਕ ਅਨਿੱਖੜਵਾਂ ਅੰਗ ਬਣਨ ਦੀ ਉਮੀਦ ਕਰਦੇ ਹਾਂ। ਬਰੂਨ ਐਂਡ ਬਰੇਸਕਿਨ ਦੇਸ਼ ਵਿੱਚ ਇੱਕਮਾਤਰ ਬ੍ਰਾਂਡ ਹੈ, ਜੋ ਇਹ ਵਿਦੇਸ਼ੀ ਚਮੜੇ ਦੇ ਸਾਰੀਆਂ ਸ਼੍ਰੇਣੀਆਂ ਦੀ ਪੇਸ਼ਕਸ਼ ਕਰਦਾ ਹੈ।

ਮੂਲੋਵਾਲ ਦੀ ਹਰਵਿੰਦਰ ਤੇ ਪਿੰਕੀ ਨੇ ਪ੍ਰਸ਼ਨੋਤਰੀ ਮੁਕਾਬਲੇ 'ਚ ਦੂਜਾ ਸਥਾਨ ਜਿੱਤਿਆ



ਧੂਰੀ (ਸੁਖਦੇਵ ਧੂਰੀ)-ਬੀਤੇ ਦਿਨੀਂ ਸਾਹਿਤ ਸਭਾ (ਸੇਖੋਂ) ਧੂਰੀ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਸੰਬੰਧ ਵਿੱਚ ਸਕੂਲਾਂ ਦੇ ਵਿਦਿਆਰਥੀਆਂ ਦਾ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲੋਵਾਲ ਦੀ ਜਮਾਤ ਨੌਵੀਂ ਦੀਆਂ ਵਿਦਿਆਰਥਣਾਂ ਹਰਵਿੰਦਰ ਕੌਰ ਤੇ ਪਿੰਕੀ ਕੁਮਾਰੀ ਨੇ ਦੂਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਸੁਭਾਸ਼ ਚੰਦ ਤੇ ਸਮੂਹ ਸਟਾਫ ਵੱਲੋਂ ਇਨ੍ਹਾਂ ਵਿਦਿਆਰਥਣਾਂ ਨੂੰ ਸਵੇਰ ਦੀ ਸਭਾ ਵਿੱਚ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਵੱਲੋਂ ਇਸ ਪ੍ਰਾਪਤੀ ਲਈ ਵਿਦਿਆਰਥਣ ਨੂੰ ਵਧਾਈ ਦਿੰਦੇ ਹੋਏ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਲਈ ਬਾਕੀ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ। ਜਮਾਤ ਇੰਚਾਰਜ ਅਮਰਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿਦਿਆਰਥਣਾਂ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਤਿਆਰੀ ਕਰਕੇ ਵੱਡੀ ਪ੍ਰਾਪਤੀ ਕੀਤੀ ਹੈ, ਮੈਨੂੰ ਆਸ ਹੈ ਕਿ ਇਹ ਵਿਦਿਆਰਥਣ ਅੱਗੇ ਵੀ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨਗੀਆਂ। ਇਸ ਮੌਕੇ ਮੈਡਮ ਰੰਜੂ ਬਾਲਾ, ਸ਼ਸ਼ੀ ਬਾਲਾ, ਰਘਵੀਰ ਕੌਰ, ਯਾਦਵਿੰਦਰ ਪਾਲ, ਅਮਰਿੰਦਰ ਸਿੰਘ, ਕੁਲਵੰਤ ਸਿੰਘ, ਬਲਜਿੰਦਰ ਸਿੰਘ, ਸੰਦੀਪ ਬਾਂਸਲ, ਸ਼ਿਖਾ ਗੁਪਤਾ, ਟੀਨਾ ਰਾਣੀ, ਹਰਪ੍ਰੀਤ ਕੌਰ, ਲਖਵਿੰਦਰ ਕੌਰ, ਸ਼ੀਤਲ ਗੋਇਲ, ਦਲਜੀਤ ਕੌਰ, ਜਸ਼ਨ ਸਹਿਗਲ, ਜਸਵੀਰ ਕੌਰ, ਕਿਰਨਦੀਪ ਕੌਰ ਅਧਿਆਪਕ ਸ਼ਾਮਲ ਸਨ।

ਮਹਾਂਸ਼ਿਵਰਾਤਰੀ ਮੌਕੇ ਸ਼੍ਰੀਮਦ ਕਥਾ ਸ਼ਰਧਾ ਪੂਰਵਕ ਸੰਪੰਨ



ਭੀਖੀ (ਧਰਮਵੀਰ ਸ਼ਰਮਾ)-ਸਥਾਨਕ ਸ਼ਿਵ ਮੰਦਰ (ਸ਼ਿਵਾਲਾ) ਵਿਖੇ ਸ੍ਰੀ ਸਨਾਤਨ ਧਰਮ ਪੰਜਾਬ ਮਹਾਂਵੀਰ ਦਲ ਸ਼ਿਵ ਮੰਦਰ ਭੀਖੀ ਵੱਲੋਂ ਸ੍ਰੀ ਮਹਾਂਸ਼ਿਵਰਾਤਰੀ ਮਹਾਂਉਤਸਵ ਮੌਕੇ ਕਰਵਾਈ ਸ਼੍ਰੀਮਦ ਭਗਵਤ ਕਥਾ ਧੂਮਧਾਮ ਨਾਲ ਸਮਾਪਤ ਕੀਤੀ ਗਈ। ਸ਼ਿਵ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਮਹਾਂਸ਼ਿਵਰਾਤਰੀ ਦੇ ਸਬੰਧ 'ਚ ਅਨੇਕਾਂ ਧਾਰਮਿਕ ਪ੍ਰੋਗਰਾਮ ਕਰਵਾਏ ਗਏ ਤੇ ਮੰਦਰ ਦੀ ਖੂਬਸੂਰਤ ਢੰਗ ਨਾਲ ਸਜਾਵਟ ਕੀਤੀ ਗਈ। ਮਹਾਂਸ਼ਿਵਰਾਤਰੀ ਮੌਕੇ ਮੰਦਰ ਵਿੱਚ ਪੂਜਾ ਅਰਚਨਾ ਕਰਨ ਤੇ ਮੱਥਾ ਟੇਕਣ ਵਾਲਿਆਂ ਦੀ ਸਾਰਾ ਦਿਨ ਭੀੜ ਲੱਗੀ ਰਹੀ ਤੇ ਸ਼ਿਵਰਾਤਰੀ ਵਾਲੀ ਰਾਤ ਭਗਵਾਨ ਸ਼ਿਵ ਦਾ ਵਿਆਹ ਸਮਾਗਮ ਕੀਤਾ ਗਿਆ, ਜਿਸ ਵਿੱਚ ਸ਼ਰਧਾਲੂਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਧਾਰਮਿਕ ਵਿਧੀ ਅਨੁਸਾਰ ਮਹਾਂਸ਼ਿਵਰਾਤਰੀ ਉਤਸਵ ਸੰਪੂਰਨ ਹੋਏ। ਇਸ ਮੌਕੇ ਪ੍ਰਧਾਨ ਹਰਮੇਸ਼ ਸਿੰਘ ਮਿੱਤਲ ਨੇ ਕਮੇਟੀ ਵੱਲੋਂ ਸਮਾਗਮ ਦੇ ਸਮੂਹ ਸਹਿਯੋਗੀਆਂ ਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਹਿਯੋਗੀ ਸੱਜਣਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਅਸ਼ੋਕ ਕੁਮਾਰ ਬੱਗਾ, ਸੰਦੀਪ ਕੁਮਾਰ ਜਿੰਦਲ, ਰਾਜਿੰਦਰ ਰਾਜੀ, ਭੀਮ ਸੈਨ ਅਸਪਾਲ, ਭੋਲਾ ਮੱਲ ਮਿੱਤਲ, ਸੁਖਦੇਵ ਸੁੱਖਾ, ਸੋਨੂੰ ਸ਼ਰਮਾ, ਜੀਵਨ ਕੁਮਾਰ ਦੁੱਲਾ, ਸੁਨੀਲ ਕਾਲਾ, ਵਿਪਨ ਕੁਮਾਰ ਗੰਢੀ, ਪੁਨੀਤ ਕੁਮਾਰ ਗੋਇਲ, ਦਿਰੇਨ ਕੁਮਾਰ ਆਦਿ ਹਾਜ਼ਰ ਸਨ।

ਭਾਰਤ ਵਿਕਾਸ ਪ੍ਰੀਸ਼ਦ ਦੀ ਚੋਣ 'ਚ ਸੁਰੇਸ਼ ਬਾਂਸਲ ਪ੍ਰਧਾਨ ਬਣੇ



ਧੂਰੀ (ਸੁਖਦੇਵ ਧੂਰੀ)-ਭਾਰਤ ਵਿਕਾਸ ਪ੍ਰੀਸ਼ਦ 'ਸਵਾਮੀ ਵਿਵੇਕਾਨੰਦ ਸਾਖਾ' ਧੂਰੀ ਵੱਲੋਂ ਸਥਾਨਕ ਰਤਨਾ ਰਿਜ਼ੋਰਟ ਵਿਖੇ ਸਾਲਾਨਾ ਚੋਣ ਸੀਨੀਅਰ ਆਗੂ ਬਸੰਤ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੁਰੇਸ਼ ਬਾਂਸਲ ਪ੍ਰਧਾਨ, ਰਾਜੇਸ਼ ਕੁਮਾਰ ਜਨਰਲ ਸਕੱਤਰ ਤੇ ਚਮਨ ਕਾਂਸਲ ਨੂੰ ਖਜ਼ਾਨਚੀ ਦੇ ਅਹੁਦੇ ਲਈ ਸਰਬਸੰਮਤੀ ਨਾਲ ਚੁਣਿਆ ਗਿਆ। ਇਸ ਮੌਕੇ ਪ੍ਰਦੀਪ ਮਿੱਤਲ ਨੇ ਸਾਲਾਨਾ ਵਿੱਤ ਰਿਪੋਰਟ ਤੇ ਰਾਜ ਕੁਮਾਰ ਸਿੰਗਲਾ ਨੇ ਸਾਲ ਭਰ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ। ਕਮਲ ਮੋਦੀ ਤੇ ਰਾਕੇਸ਼ ਕੁਮਾਰ ਨੇ ਸੂਬਾਈ ਅਬਜ਼ਰਵਰਾਂ ਦੀ ਭੂਮਿਕਾ ਨਿਭਾਈ ਤੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸੂਬਾਈ ਮਹਿਲਾ ਪ੍ਰਧਾਨ ਡਾ: ਮੀਨਾ ਕੁਮਾਰੀ ਮਲਕੀਤ ਸਿੰਘ ਚਾਂਗਲੀ, ਸੰਦੀਪ ਤਾਇਲ ਜੌਲੀ, ਪ੍ਰੇਮ ਸ਼ਰਮਾ ਅਤੇ ਅਨੇਕ ਅਹੁਦੇਦਾਰ ਮੌਜੂਦ ਸਨ।

ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ



ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਕਮੇਟੀ ਸੁਖਜੀਤ ਸਿੰਘ ਢਿੱਲਵਾਂ ਵੱਲੋਂ ਜ਼ਿਲ੍ਹੇ ਵਿੱਚ ਸਿੱਖਿਆ ਢਾਂਚੇ ਨੂੰ ਹੋਰ ਮਜ਼ਬੂਰ ਕਰਨ ਲਈ ਨਵੀਆਂ ਯੋਜਨਾਵਾਂ ਬਣਾਉਣ ਦੇ ਮਕਸਦ ਨਾਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਆ ਰਹੀਆਂ ਵੱਖ ਵੱਖ ਸਮੱਸਿਆਵਾਂ ਬਾਰੇ ਜਾਣੂ ਕਰਾਇਆ ਗਿਆ। ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੇ ਸਿੱਖਿਆ ਵਿਭਾਗ ਨੂੰ ਨਵੀਆਂ ਕਮੇਟੀਆਂ ਬਣਾਉਣ ਦੇ ਆਦੇਸ਼ ਦਿੱਤੇ ਤਾਂ ਜੁ ਸਿੱਖਿਆ ਸਬੰਧੀ ਨਵੀਆਂ ਯੋਜਨਾਵਾਂ ਬਣਾ ਕੇ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਿਆ ਜਾ ਸਕੇ। ਉਨ੍ਹਾਂ ਸਿੱਖਿਆ ਵਿਭਾਗ ਵੱਲੋਂ ਦੱਸੀਆਂ ਸਮੱਸਿਆਵਾਂ ਦੇ ਜਲਦੀ ਨਿਪਟਾਰਾ ਕਰਾਉਣ ਲਈ ਉੱਚ ਅਧਿਕਾਰਾਂ ਨਾਲ ਤਾਲਮੇਲ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਮੇਤ ਸਿੱਖਿਆ ਵਿਭਾਗ ਦਾ ਸਮੂਹ ਸਟਾਫ਼ ਹਾਜ਼ਰ ਸੀ।

ਮੁੱਖ ਮੰਤਰੀ ਨੇ ਮੀਟਿੰਗ ਤੋਂ ਤੀਜੀ ਵਾਰ ਵੀ ਟਾਲਾ ਵੱਟਿਆ ਤਾਂ ਲੱਗੇਗਾ ਪੱਕਾ ਮੋਰਚਾ : ਗੋਰੀਆ



ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)

ਪੰਜਾਬ ਖੇਤ ਮਜ਼ਦੂਰ ਸਭਾ ਦੀ ਜ਼ਿਲ੍ਹਾ ਕਾਨਫਰੰਸ ਸੋਮਵਾਰ ਸਥਾਨਕ 'ਸ਼ਹੀਦ ਕਾਮਰੇਡ ਅਮੋਲਕ ਭਵਨ' ਵਿਖੇ ਜਗਤਾਰ ਸਿੰਘ ਭਾਣਾ ਅਤੇ ਹਰਪਾਲ ਸਿੰਘ ਮਚਾਕੀ ਦੀ ਪ੍ਰਧਾਨਗੀ ਹੇਠ ਹੋਈ। ਕਾਨਫਰੰਸ ਦੀ ਸ਼ੁਰੂਆਤ ਵਿੱਚ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਸ਼ੋਕ ਮਤਾ ਪੇਸ਼ ਕੀਤਾ ਅਤੇ ਜਥੇਬੰਦੀ ਦੇ ਵਿਛੜੇ ਸਾਥੀਆਂ ਅਤੇ ਤੁਰਕੀ-ਸੀਰੀਆ ਵਿੱਚ ਭੂਚਾਲ ਕਾਰਨ ਮਾਰੇ ਗਏ 42,000 ਮਨੁੱਖਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਗੋਰੀਆ, ਕਿਸਾਨ ਆਗੂ ਹਰਪਾਲ ਸਿੰਘ, ਵਿਦਿਆਰਥੀ ਆਗੂ ਗੁਰਪ੍ਰੀਤ ਸਿੰਘ ਅਤੇ ਨਰੇਗਾ ਮਜ਼ਦੂਰ ਯੂਨੀਅਨ ਦੇ ਗੋਰਾ ਸਿੰਘ ਪਿਪਲੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਗਰੀਬ ਵਰਗ ਖਾਸ ਕਰਕੇ ਖੇਤ ਮਜ਼ਦੂਰਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ, ਜਦਕਿ ਇਕ ਫੀਸਦੀ ਧਨਾਢ ਦੇਸ਼ ਦੀ 40 ਫੀਸਦੀ ਦੌਲਤ 'ਤੇ ਕਾਬਜ ਹੋ ਗਏ ਹਨ। ਕੌਮੀ ਆਗੂ ਗੁਲਜਾਰ ਗੋਰੀਆ ਨੇ ਵਿਸਥਾਰ ਨਾਲ ਖੇਤ ਮਜ਼ਦੂਰਾਂ ਦੀਆਂ ਮੰਗਾਂ ਅਤੇ ਮੁਸ਼ਕਲਾਂ 'ਤੇ ਰੋਸ਼ਨੀ ਪਾਉਂਦੇ ਹੋਏ ਤਿੱਖੇ ਸੰਘਰਸ਼ਾਂ ਲਈ ਤਿਆਰੀ ਕਰਨ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਖੇਤੀ ਸੰਬੰਧੀ ਨੀਤੀ ਲਿਆਉਣ ਵੇਲੇ ਖੇਤ ਮਜ਼ਦੂਰਾਂ ਖਾਸ ਕਰਕੇ ਮਜ਼ਦੂਰ ਭੈਣਾਂ ਦੇ ਯੋਗਦਾਨ ਨੂੰ ਚੇਤੇ ਨਾ ਰੱਖਿਆ ਅਤੇ ਵਾਰ-ਵਾਰ ਮੀਟਿੰਗਾਂ ਲਈ ਸਮਾਂ ਨਿਸਚਿਤ ਕਰਕੇ ਲੀਡਰਸ਼ਿਪ ਨਾਲ ਗੱਲਬਾਤ ਕਰਨ ਤੋਂ ਟਾਲਾ ਵੱਟਿਆ ਤਾਂ ਉਸ ਨੂੰ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਦੇਵੀ ਕੁਮਾਰੀ ਨੇ ਜ਼ਿਲ੍ਹੇ ਦੀ ਇੱਕ ਮਜ਼ਬੂਤ ਜਥੇਬੰਦੀ ਬਣਾਉਣ ਦਾ ਸੱਦਾ ਦਿੱਤਾ, ਜੋ ਮਰਹੂਮ ਕਾਮਰੇਡ ਰੁਲਦੂ ਖਾਨ ਅਤੇ ਸ਼ਹੀਦ ਅਮੋਲਕ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰ ਸਕੇ। ਇੱਕ ਮਤਾ ਪਾਸ ਕਰਕੇ ਮੋਦੀ ਸਰਕਾਰ ਵੱਲੋਂ ਮਨਰੇਗਾ ਦੇ ਬੱਜਟ ਵਿੱਚ ਤੇਤੀ ਫੀਸਦੀ ਕਟੌਤੀ ਕਰਨ ਦੀ ਸਖ਼ਤ ਨਿੰਦਾ ਕਰਦੇ ਹੋਏ ਪਿਛਲੇ ਸਾਲ ਤੋਂ ਵੱਧ ਬਜਟ ਦੀ ਮੰਗ ਕੀਤੀ। ਕਾਨਫਰੰਸ ਦੇ ਦੂਜੇ ਗੇੜ ਵਿੱਚ ਹਾਜ਼ਰ ਡੈਲੀਗੇਟਾਂ ਨੇ ਜ਼ਿਲ੍ਹੇ ਦੀਆਂ ਤਿੰਨ ਬਲਾਕ ਕਮੇਟੀਆਂ ਤੋਂ ਇਲਾਵਾ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ। ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਅਤੇ ਦਰਸ਼ਨ ਸਿੰਘ ਜਿਉਣਵਾਲਾ ਨੂੰ ਜਨਰਲ ਸਕੱਤਰ, ਭਲਵਿੰਦਰ ਸਿੰਘ ਔਲਖ ਨੂੰ ਸਹਾਇਕ ਸਕੱਤਰ, ਜਗਤਾਰ ਸਿੰਘ ਭਾਣਾ ਨੂੰ ਮੀਤ ਪ੍ਰਧਾਨ, ਗੁਰਮੇਲ ਸਿੰਘ ਝੋਟੀਵਾਲਾ ਨੂੰ ਖਜ਼ਾਨਚੀ ਚੁਣਿਆ ਗਿਆ। ਕਾਨਫਰੰਸ ਨੂੰ ਸਫਲ ਬਣਾਉਣ ਲਈ ਭਰਾਤਰੀ ਜਥੇਬੰਦੀਆਂ ਖਾਸ ਕਰਕੇ ਪੰਜਾਬ ਇਸਤਰੀ ਸਭਾ ਦਾ ਧੰਨਵਾਦ ਕੀਤਾ ਗਿਆ।

ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਵਿਸ਼ਾਲ ਰੈਲੀ

ਅੱਜ ਪ੍ਰਮੁੱਖ ਸਕੱਤਰ ਤੇ 28 ਨੂੰ ਮੁੱਖ ਮੰਤਰੀ ਨਾਲ ਮੀਟਿੰਗ ਤੈਅ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਦੇ ਰੋਸ ਵਜੋਂ ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸਥਾਨਕ 39 ਸੈਕਟਰ ਦੀ ਦਾਣਾ ਮੰਡੀ ਵਿੱਚ ਮਹਾਂ ਰੈਲੀ ਕੀਤੀ ਗਈ। ਸਾਂਝੇ ਫਰੰਟ ਵੱਲੋਂ ਰੈਲੀ ਤੋਂ ਬਾਅਦ ਪੰਜਾਬ ਦੇ ਕੈਬਨਿਟ ਮੰਤਰੀਆਂ ਦੀ ਰਿਹਾਇਸ਼ ਵੱਲ ਰੋਸ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ, ਜੋ ਕਿ 21 ਫਰਵਰੀ ਨੂੰ ਪ੍ਰਮੁੱਖ ਸਕੱਤਰ ਅਤੇ 28 ਫਰਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਤੈਅ ਹੋਣ ਤੋਂ ਬਾਅਦ ਮੁਲਤਵੀ ਕਰ ਦਿੱਤਾ ਗਿਆ। ਇਸ ਮੌਕੇ ਪੰਜਾਬ ਦੇ ਕੋਨੇ-ਕੋਨੇ ਵਿੱਚੋਂ ਜੁੜੇ ਹਜ਼ਾਰਾਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਸਤੀਸ਼ ਰਾਣਾ, ਜਰਮਨਜੀਤ ਸਿੰਘ, ਰਣਜੀਤ ਸਿੰਘ ਰਾਣਵਾਂ, ਕਰਮ ਸਿੰਘ ਧਨੋਆ, ਸਵਿੰਦਰ ਸਿੰਘ ਮੋਲੋਵਾਲੀ, ਠਾਕੁਰ ਸਿੰਘ, ਬਾਜ ਸਿੰਘ ਖਹਿਰਾ, ਗਗਨਦੀਪ ਬਠਿੰਡਾ, ਸੁਖਦੇਵ ਸਿੰਘ ਸੈਣੀ, ਐੱਨ ਕੇ ਕਲਸੀ, ਬਲਦੇਵ ਸਿੰਘ ਮੰਡਾਲੀ, ਹਰਭਜਨ ਸਿੰਘ ਪਿਲਖਣੀ, ਪ੍ਰੇਮ ਸਾਗਰ ਸ਼ਰਮਾ ਨੇ ਆਖਿਆ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2.59 ਦਾ ਗੁਣਾਂਕ ਨਾਲ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਸਮੇਤ ਸਮੁੱਚੇ 37 ਕਿਸਮ ਦੇ ਭੱਤੇ 'ਤੇ ਏ ਸੀ ਪੀ ਆਦਿ ਬਹਾਲ ਕਰਨ ਅਤੇ ਰੋਕੇ ਗਏ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਕਰਨ ਸੰਬੰਧੀ ਲਗਾਤਾਰ ਟਾਲ-ਮਟੋਲ ਕਰ ਰਹੀ ਹੈ। ਆਗੂਆਂ ਆਖਿਆ ਕਿ ਪੰਜਾਬ ਸਰਕਾਰ ਜਦਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਇਹਨਾਂ ਸਾਰੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਇਸ ਮੌਕੇ ਸੰਬੋਧਨ ਕਰਦਿਆਂ ਰਾਧੇ ਸ਼ਿਆਮ, ਜਸਵੀਰ ਤਲਵਾੜਾ, ਸੁਖਵਿੰਦਰ ਸਿੰਘ ਚਾਹਲ, ਬਲਦੇਵ ਮੰਡਾਲੀ, ਗੁਰਮੇਲ ਸਿੰਘ ਮੈਲਡੇ, ਜਗਦੀਸ਼ ਚਾਹਲ, ਹਰਦੀਪ ਟੋਡਰਪੁਰ, ਕੁਲਵਰਨ ਸਿੰਘ, ਅਵਿਨਾਸ਼ ਚੰਦਰ ਸ਼ਰਮਾ, ਐੱਨ ਡੀ ਤਿਵਾੜੀ, ਸੁੱਚਾ ਸਿੰਘ, ਗੁਰਜੰਟ ਸਿੰਘ ਵਾਲੀਆ, ਬਿਮਲਾ ਰਾਣੀ, ਸੁਰਿੰਦਰਪਾਲ ਲਾਹੌਰੀਆ, ਕਰਮ ਚੰਦ ਭਾਰਦ ਵਾਜ, ਚਮਕੌਰ ਸਿੰਘ, ਜਗਦੀਸ਼ ਸ਼ਰਮਾ ਆਦਿ ਨੇ ਆਖਿਆ ਕਿ ਭਾਵੇਂ ਸੰਘਰਸ਼ਾਂ ਦੇ ਦਬਾਅ ਸਦਕਾ ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਨੇ ਕੁਝ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਐਲਾਨ ਕੀਤਾ ਸੀ, ਪਰ ਅਮਲੀ ਤੌਰ 'ਤੇ ਅਜੇ ਤੱਕ ਨਾ ਕਿਸੇ ਵੀ ਕੱਚੇ ਮੁਲਾਜ਼ਮ ਨੂੰ ਪੱਕਾ ਕੀਤਾ ਗਿਆ ਹੈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਹੈ, ਜਦਕਿ ਇਹਨਾਂ ਫੈਸਲਿਆਂ ਦੀ ਇਸ਼ਤਿਹਾਰਬਾਜ਼ੀ ਵਿੱਚ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ। ਆਗੂਆਂ ਆਖਿਆ ਕਿ ਜੇਕਰ ਪੰਜਾਬ ਸਰਕਾਰ ਦੁਆਰਾ ਬਜਟ ਸੈਸ਼ਨ ਤੋਂ ਪਹਿਲਾਂ ਉਹਨਾਂ ਦੀਆਂ ਮੰਗਾਂ ਦਾ ਠੋਸ ਹੱਲ ਨਾ ਕੀਤਾ ਗਿਆ ਤਾਂ ਬਜਟ ਸੈਸ਼ਨ ਦੌਰਾਨ ਸਾਂਝੇ ਫਰੰਟ ਵੱਲੋਂ ਚੰਡੀਗੜ੍ਹ ਵਿੱਚ ਸਮਾਂਤਰ ਸੈਸ਼ਨ ਚਲਾਇਆ ਜਾਵੇਗਾ। ਇਸ ਮੌਕੇ ਜਸਵਿੰਦਰ ਸਿੰਘ, ਸੁਰਜੀਤ ਸਿੰਘ ਗਗੜਾ, ਤੀਰਥ ਸਿੰਘ ਬਾਸੀ ਅਤੇ ਮਨਦੀਪ ਕੌਰ ਬਿਲਗਾ ਆਦਿ ਹਾਜ਼ਰ ਸਨ।

ਬੀ ਕੇ ਯੂ ਪੰਜਾਬ ਤੇ ਬਾਰਡਰ ਸੰਘਰਸ਼ ਕਮੇਟੀ ਨੇ ਕਿਸਾਨ ਜਥੇਬੰਦੀ ਸਿੱਧੂਪੁਰ ਦਾ ਫੂਕਿਆ ਪੁਤਲਾ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਹੱਦੀ ਪਿੰਡ ਭੰਬਾ ਹਾਜੀ ਵਿਖੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਪ੍ਰਧਾਨ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਬੁਰਜੀ (ਫ਼ਿਰੋਜ਼ਪੁਰ ਪੱਛਮੀ) ਤੇ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਮੇਲ ਸਿੰਘ ਆਦਿ ਦੀ ਅਗਵਾਈ ਹੇਠ ਗੇਟ ਨੰਬਰ 195 ਨੂੰ ਜਾਣ ਵਾਲੀ ਸੜਕ ਦੇ ਚੌਕ ਦੇ ਵਿਚਕਾਰ ਭਾਰਤੀ ਕਿਸਾਨ ਯੂਨੀਅਨ ਡੱਲੇਵਾਲ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਤੇ ਬਲਾਕ ਪ੍ਰਧਾਨ ਗੁਰਸੇਵਕ ਸਿੰਘ ਖ਼ਿਲਾਫ਼ ਪਿੰਡ ਵਿੱਚ ਰੋਸ ਮਾਰਚ ਕੱਢਿਆ ਤੇ ਨਾਅਰੇਬਾਜ਼ੀ ਅਤੇ ਪੁਤਲੇ ਫੂਕੇ ਗਏ।ਇਸ ਰੋਸ ਮਾਰਚ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਭੰਬਾ ਹਾਜੀ ਤੇ ਹਰਮੇਲ ਸਿੰਘ ਆਦਿ ਨੇ ਦੱਸਿਆ ਪਿੰਡ ਰੁਹੇਲਾ ਹਾਜੀ ਗੰਦੂ ਕਿਲਚਾ, ਭੰਬਾ ਹਾਜੀ, ਦੋਨਾ ਤੇਲੂ ਮੱਲ, ਨਿਹਾਲਾ ਕਿਲਚਾ ਆਦਿ ਪਿੰਡਾਂ ਦੀ 900 ਏਕੜ ਸਰਕਾਰੀ ਜ਼ਮੀਨ ਦਾ ਰਕਬਾ ਸਰਹਿੰਦ 'ਤੇ ਲੱਗੀ ਕੰਡਿਆਲੀ ਤਾਰ ਦੇ ਗੇਟ ਨੰਬਰ 195 ਤੋਂ ਪਾਰ ਹੈ।ਇਸ ਜ਼ਮੀਨ ਦੀ ਪੁਰਾਣੀਆਂ ਗਿਰਦਾਵਰੀਆਂ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਦੇ ਨਾਂਅ ਦਰਜ ਹਨ, ਪਰ ਪਿਛਲੇ ਸਮੇਂ ਕੇਂਦਰ ਸਰਕਾਰ ਨੇ ਮਾਨਯੋਗ ਅਦਾਲਤ ਦੇ ਹੁਕਮਾਂ ਤਹਿਤ ਇਹ ਗਿਰਦਾਵਰੀਆਂ ਤੋੜ ਦਿੱਤੀਆਂ ਸਨ ਤੇ ਇਸ ਜ਼ਮੀਨ ਦੀਆਂ ਗਿਰਦਾਵਰੀਆਂ ਕੇਂਦਰ ਸਰਕਾਰ ਦੇ ਨਾਂਅ ਕਰ ਦਿੱਤੀਆਂ ਹਨ, ਪਰ ਹੁਣ ਕੁਝ ਧਨਾਢ ਲੋਕ ਮਾਲਕੀ ਦੀ ਆੜ ਹੇਠ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ ਤੇ ਜਿਨ੍ਹਾਂ ਦਾ ਸਾਥ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਰਹੀ ਹੈ।ਇਨ੍ਹਾਂ ਕਿਸਾਨ ਆਗੂਆਂ ਨੇ ਦੱਸਿਆ ਇਸ ਸਰਕਾਰੀ ਜ਼ਮੀਨ 'ਤੇ ਪੰਜਾਬ ਸਰਕਾਰ ਨੇ ਧਾਰਾ 145 ਲਗਾ ਕੇ ਜ਼ਮੀਨ ਨੂੰ ਆਪਣੇ ਕਬਜ਼ੇ ਵਿੱਚ ਲਿਆ ਹੋਇਆ ਹੈ, ਪਰ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਨੇ ਡੀ ਸੀ ਦਫ਼ਤਰ ਫ਼ਿਰੋਜ਼ਪੁਰ ਵਿਖੇ ਧਰਨਾ ਲਗਾ ਕੇ ਭੂ-ਮਾਫੀਆ ਦਾ ਸਾਥ ਦੇ ਰਹੀ ਹੈ, ਜਿਸ ਦਾ ਅਸੀਂ ਵਿਰੋਧ ਕਰਦੇ ਹਾਂ, ਜਿਸ ਲਈ ਅਸੀਂ ਅੱਜ ਗੇਟ ਨੰਬਰ 195 ਨੂੰ ਜਾਣ ਵਾਲੀ ਸੜਕ ਦੇ ਚੌਕ 'ਚ ਰੋਸ ਪ੍ਰਦਰਸ਼ਨ ਕੱਢਿਆ ਤੇ ਅਰਥੀ ਫੂਕ ਮੁਜ਼ਾਹਰਾ ਕੀਤਾ।ਇਸ ਮੌਕੇ ਅਨੋਖ ਸਿੰਘ, ਬਲਵਿੰਦਰ ਸਿੰਘ, ਜੀਤਾ ਸਿੰਘ, ਅਵਤਾਰ ਸਿੰਘ, ਗੁਲਜ਼ਾਰ ਸਿੰਘ, ਪਿੱਪਲ ਸਿੰਘ, ਹਰਮੇਲ ਸਿੰਘ, ਬੂਟਾ ਸਿੰਘ, ਗੁਰਬਚਨ ਸਿੰਘ, ਪਿਆਰਾ ਸਿੰਘ ਨੰਬਰਦਾਰ, ਰਾਜ ਸਿੰਘ, ਜਰਨੈਲ ਸਿੰਘ ਆਦਿ ਹਾਜ਼ਰ ਸਨ।

ਪੰਜਾਬ ਰਾਜ ਦੇ ਏਡਿਡ ਸਕੂਲ ਕਰਮਚਾਰੀ ਤੇ ਪੈਨਸ਼ਨਰਾਂ ਵੱਲੋਂ ਰੋਸ ਪ੍ਰਦਰਸ਼ਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ ਕਰਮਚਾਰੀਆਂ ਤੇ ਪੈਨਸ਼ਨਰਾਂ ਨੇ 6ਵਾਂ ਪੇਅ ਕਮਿਸ਼ਨ ਲਾਗੂ ਕਰਵਾਉਣ ਨੂੰ ਲੈ ਕੇ ਰੋਸ ਮੁਜ਼ਾਹਰਾ ਕੀਤਾ।ਧਰਨੇ ਨੂੰ ਸੰਬੋਧਨ ਕਰਦੇ ਹੋਏ ਯੂਨੀਅਨ ਦੇ ਸੂਬਾ ਪ੍ਰਧਾਨ, ਸਰਪ੍ਰਸਤ ਐੱਨ ਐੱਨ ਸੈਣੀ ਤੇ ਗੁਰਚਰਨ ਸਿੰਘ ਚਾਹਲ ਨੇ ਦੋਸ਼ ਲਗਾਇਆ ਕਿ ਰਾਜ ਦੇ ਏਡਿਡ ਸਕੂਲਾਂ ਦੇ ਕਰਮਚਾਰੀਆਂ ਤੇ ਪੈਨਸ਼ਨਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਅਤੇ ਸਿੱਖਿਆ ਮੰਤਰੀ ਨਾਲ ਤਿੰਨ ਵਾਰ ਮੀਟਿੰਗਾਂ ਕਰਨ ਅਤੇ ਵਿੱਤ ਮੰਤਰੀ ਨਾਲ ਵੀ ਦੋ ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਹਾਲੇ ਤੱਕ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਨਹੀਂ ਕੀਤਾ। ਜਥੇਬੰਦੀ ਨੇ ਦੱਸਿਆ ਕਿ ਬੀਤੇ 18 ਜਨਵਰੀ ਨੂੰ ਵਿੱਤ ਮੰਤਰੀ ਨਾਲ ਮੀਟਿੰਗ ਵਿੱਚ ਇਹ ਫ਼ੈਸਲਾ ਹੋਇਆ ਸੀ ਕਿ 4 ਫਰਵਰੀ ਤੋਂ ਪਹਿਲਾਂ ਇੱਕ ਹੋਰ ਮੀਟਿੰਗ ਕਰਕੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ, ਪਰ ਇਸ ਦੇ ਬਾਵਜੂਦ ਸਰਕਾਰ ਦਾ ਨਾਂਹ ਪੱਖੀ ਰਵੱਈਆ ਰਿਹਾ, ਜਿਸ ਕਾਰਨ ਜਥੇਬੰਦੀ ਨੂੰ ਵਾਰ-ਵਾਰ ਮਜਬੂਰ ਹੋ ਕੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇ ਸਰਕਾਰ ਨੇ ਇੱਕ ਹਫ਼ਤੇ ਵਿੱਚ 6ਵਾਂ ਪੇਅ-ਕਮਿਸ਼ਨ ਲਾਗੂ ਕਰਨ ਹਿੱਤ ਨੋਟੀਫ਼ਿਕੇਸ਼ਨ ਜਾਰੀ ਨਾ ਕੀਤਾ ਤਾਂ ਆਉਣ ਵਾਲੇ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ ਤੇ ਆਉਣ ਵਾਲੀ ਜਲੰਧਰ ਜ਼ਿਮਨੀ ਚੋਣ ਵਿੱਚ ਹਰ ਕਸਬੇ ਤੇ ਹਰ ਪਿੰਡ ਵਿੱਚ ਰੋਸ ਰੈਲੀ ਅਤੇ ਮਾਰਚ ਕੀਤਾ ਜਾਵੇਗਾ।ਇਸ ਮੌਕੇ ਅਸ਼ੋਕ ਵਡੇਰਾ, ਪ੍ਰਿੰਸੀਪਲ ਰਾਜੇਸ਼ ਮੋਂਗਾ, ਅਜੀਤ ਕੁਮਾਰ, ਸੀਮਾ ਅਰੋੜਾ, ਸ਼ਵਿੰਦਰ ਮਛਰਾਲ ਸੈਕਟਰੀ ਰਿਟਾਇਰਡ ਪ੍ਰਿੰਸੀਪਲ, ਅਸ਼ੋਕ ਪਾਲ ਸ਼ਰਮਾ, ਰਾਜਨ ਜੋਸ਼ੀ, ਵਿਕਾਸ ਗੁੰਬਰ, ਮੁਨੀਸ਼ ਕੁਮਾਰ, ਮੋਹਨ ਲਾਲ, ਗੀਤਾ ਕੁਮਾਰੀ, ਜੋਗਿੰਦਰ ਪਾਲ, ਰੋਹਿਨੀ, ਮਨਜੀਤ, ਪੂਨਮ ਆਦਿ ਹਾਜ਼ਰ ਸਨ।

AXIS BANK

ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਦੂਜੀ ਮੰਜ਼ਿਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

(ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ ਐੱਸ ਸੀ ਬੀ-5, ਪਹਿਲੀ ਮੰਜ਼ਿਲ, ਛੋਟੀ ਬਾਰਾਂਦਰੀ, ਪਟਿਆਲਾ, ਪੰਜਾਬ-147001 ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਤਹਿਤ ਸ੍ਰੀ ਜਤਿੰਦਰ ਸਿੰਘ ਆਰ ਸਹੋਤਾ ਪੁੱਤਰ ਰਾਮ ਸਿੰਘ ਨੂੰ ਨੋਟਿਸ 'ਚ ਦਰਸਾਈ ਰਕਮ ਰੁਪਏ 7,20,441/- (ਸੱਤ ਲੱਖ ਵੀਹ ਹਜ਼ਾਰ ਚਾਰ ਸੌ ਇਕਤਾਲੀ ਰੁਪਏ ਕੇਵਲ) ਪਾਵਰ ਹੋਮ ਲੋਨ ਸਹੂਲਤ ਪੀ ਐੱਚ ਆਰ 019501667324 ਸਮੇਤ 04 ਅਪ੍ਰੈਲ 2019 ਅਦਾਇਗੀ ਦੀ ਮਿਤੀ ਤੱਕ ਇਸ ਉਪਰ ਇਕਰਾਰਨਾਮੇ ਅਨੁਸਾਰ ਵਿਆਜ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ 03.04.2019 ਨੂੰ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 16 ਫਰਵਰੀ 2023 ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਮੰਜ਼ਿਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਰਕਮ ਰੁਪਏ 7,20,441 (ਸੱਤ ਲੱਖ ਵੀਹ ਹਜ਼ਾਰ ਚਾਰ ਸੌ ਇਕਤਾਲੀ ਰੁਪਏ ਕੇਵਲ) ਦੀ ਵਸੂਲੀ ਹੇਠ ਹੋਵੇਗੀ। ਇਸ ਤੋਂ ਇਲਾਵਾ ਤੁਹਾਨੂੰ 04 ਅਪ੍ਰੈਲ 2019 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼/ਲਾਗਤਾਂ ਵੀ ਅਦਾ ਕਰਨੀਆਂ ਪੈਣਗੀਆਂ।

ਉਪਲੱਬਧ ਸਮੇਂ 'ਚ ਸਕਿਉਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ

ਸਬ-ਰਜਿਸਟਰਾਰ ਪਟਿਆਲਾ ਸਨਮੁੱਖ ਬੈਨਾਮਾ ਵਸੀਕਾ ਨੰਬਰ 15652 ਮਿਤੀ 16.01.2004 ਨੂੰ ਜਤਿੰਦਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ ਪਲਾਟ ਰਕਬਾ 0-2 ਵਿਸਵੇ, ਜੋ ਕਿ 100 ਵਰਗ ਫ਼ੁੱਟ, ਜੋ ਕਿ ਜ਼ਮੀਨ ਰਕਬਾ 14 ਵਿਘੇ-0 ਬਿਸਵੇ ਦਾ 2/280 ਹਿੱਸਾ ਹੈ, ਖੇਵਟ ਨੰ. 491, ਖਤੌਨੀ ਨੰ. 982, ਖਸਰਾ ਨੰ. 416 (5-0), 417 (6-5), 418 ਮਿਨ (2-15) ਜਮ੍ਹਾਂਬੰਦੀ ਸਾਲ 1998-99 ਅਲੀਪੁਰ ਅਰਾਈਆਂ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ। ਹੱਦਾਂ : (ਬੈਨਾਮੇ ਅਨੁਸਾਰ) : ਉੱਤਰ : ਖਾਲੀ ਪਲਾਟ, ਸਾਈਡ 18', ਦੱਖਣ : ਸੜਕ, ਸਾਈਡ 18', ਪੂਰਬ : ਖਾਲੀ ਪਲਾਟ ਸਾਈਡ-50', ਪੱਛਮ : ਖਾਲੀ ਪਲਾਟ, ਸਾਈਡ 50'

ਮਿਤੀ : 21.02.2023
ਸਥਾਨ : ਪਟਿਆਲਾ

ਅਧਿਕਾਰਤ ਅਫਸਰ,
ਐਕਸਿਸ ਬੈਂਕ ਲਿਮਟਿਡ

Jeena Sikho LIFECARE

ਜੀਨਾ ਸੀਖੋ ਲਾਈਫ ਕੇਅਰ ਲਿਮਟਿਡ

ਰਜਿ: ਦਫਤਰ: ਐੱਸ ਸੀ ਓ 11, ਕਲਗੀਧਰ ਇਨਕਲੇਵ
ਜ਼ੀਰਕਪੁਰ, ਮੋਹਾਲੀ, ਪੰਜਾਬ-140604-ਇੰਡੀਆ
ਟੈਲੀਫੋਨ ਨੰਬਰ 017-62513185 ਸੀ ਆਈ ਐੱਨ: L52601PB2017PLC046545
Email ID: cs@jeenasikho.co.in; Website:https://www.jeenasikho.co.in

ਪੋਸਟਲ ਬੈਲਟ ਅਤੇ ਮੈਂਬਰਾਂ ਨੂੰ ਈ-ਵੋਟਿੰਗ ਸੂਚਨਾ ਦਾ ਨੋਟਿਸ

ਮੈਂਬਰਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਕੰਪਨੀ ਰਜਿਸਟਰਡ ਦਫਤਰ ਪੰਜਾਬ ਰਾਜ ਤੋਂ ਕੌਮੀ ਰਾਜਧਾਨੀ ਖੇਤਰ ("ਐੱਨ ਸੀ ਟੀ") ਦਿੱਲੀ 'ਚ ਤਬਦੀਲ ਕਰਨ ਲਈ ਪੋਸਟਲ ਬੈਲਟ ਰਾਹੀਂ ਵਿਸ਼ੇਸ਼ ਰੈਜ਼ੋਲਿਊਸ਼ਨ ਤਰੀਕੇ ਨਾਲ ਮਨਜ਼ੂਰੀ ਚਾਹੁੰਦੀ ਹੈ ਅਤੇ ਕੰਪਨੀਜ਼ ਐਕਟ, 2013 ("ਐਕਟ 2013") ਦੇ ਸੈਕਸ਼ਨ 108, 110 ਅਤੇ ਹੋਰ ਲਾਗੂ ਵਿਵਸਥਾਵਾਂ, ਜੇਕਰ ਕੋਈ ਹਨ ਅਤੇ ਇਸ ਤਹਿਤ ਬਣਾਏ ਨਿਯਮਾਂ ਨਾਲ ਪੜ੍ਹਦਿਆਂ "ਰੂਲਜ਼" ਅਤੇ ਜਨਰਲ ਸਰਕੂਲਰ ਨੰ. 17/2020 ਮਿਤੀ 13 ਅਪ੍ਰੈਲ 2020 ਅਤੇ ਜਨਰਲ ਸਰਕੂਲਰ ਨੰ. 11/2020 ਮਿਤੀ 28 ਦਸੰਬਰ 2022, ਉਪਰੋਕਤ ਸਰਕੂਲਰਾਂ ਦੇ ਫਰੇਮਵਰਕ 'ਚ ਮੁਹੱਈਆ ਐਕਸਟੈਂਸ਼ਨ ਦੇ ਸੰਬੰਧ 'ਚ 30 ਸਤੰਬਰ 2023 ਤੱਕ ("ਐੱਮ ਸੀ ਏ ਸਰਕੂਲਰਜ਼") ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਐਂਡ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 44 ਨਾਲ ਪੜ੍ਹੇ ਜਾਂਦੇ ਅਤੇ ਹੋਰ ਲਾਗੂ ਕਾਨੂੰਨਾਂ ਅਤੇ ਰੈਗੂਲੇਸ਼ਨਾਂ, ਜੇਕਰ ਕੋਈ ਹੈ (ਸਮੇਤ ਅਤੇ ਵਿਧਾਨਕ ਸੋਧ ਜਾਂ ਸਮੇਂ ਲਈ ਲਾਗੂ ਰੀਐਕਟਮੈਂਟ) ਕੰਪਨੀ ਨੇ ਪੋਸਟਲ ਬੈਲਟ ਨੋਟਿਸ ਸਮੇਤ ਵਿਖਿਆਤਮਕ ਬਿਆਨ, ਐਕਟ 2013 ਦੇ ਸੈਕਸ਼ਨ 102 ਦੀ ਪਾਲਣਾ 'ਚ 20 ਫਰਵਰੀ 2023 ਤੱਕ ਈਮੇਲ ਰਾਹੀਂ ਉਨ੍ਹਾਂ ਮੈਂਬਰਾਂ ਨੂੰ ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਡਿਪਾਜ਼ੀਟਰੀਜ਼ ਕੋਲ ਰਜਿਸਟਰਡ ਹਨ, ਨੂੰ ਭੇਜਣ ਦਾ ਕੰਮ ਮੁਕੰਮਲ ਕਰ ਚੁੱਕੀ ਹੈ।

ਐਮ ਸੀ ਏ ਸਰਕੂਲਰਾਂ ਦੀ ਪਾਲਣਾ 'ਚ ਨੋਟਿਸ ਦੀ ਭੌਤਿਕ ਕਾਪੀ ਅਤੇ ਵਿਖਿਆਤਮਕ ਬਿਆਨ ਵੀ ਨਾਲ ਹੀ ਸਿਰਫ ਇਲੈਕਟ੍ਰਾਨਿਕ ਤਰੀਕੇ ਨਾਲ ਭੇਜੇ ਜਾ ਚੁੱਕੇ ਹਨ। ਨਤੀਜੇ ਵਜੋਂ ਰੈਜ਼ੋਲੂਸ਼ਨ 'ਤੇ ਮੈਂਬਰਾਂ ਦੀ ਸਹਿਮਤੀ ਜਾਂ ਅਸਹਿਮਤੀ ਦਾ ਸੰਚਾਰ ਸਿਰਫ ਰਿਮੋਟ ਈ-ਵੋਟਿੰਗ ਪ੍ਰਣਾਲੀ ਰਾਹੀਂ ਕੀਤਾ ਜਾਵੇਗਾ। ਇਸ ਸੰਬੰਧ 'ਚ ਕੰਪਨੀ ਨੇ ਸੈਂਟਰ ਡਿਪਾਜ਼ਟਰੀ ਸਰਵਿਸਿਜ਼ ਲਿਮਟਿਡ (ਸੀ ਡੀ ਐੱਸ ਐੱਲ) ਤੋਂ ਸ਼ੇਅਰ ਹੋਲਡਰਾਂ ਨੂੰ ਰਿਮੋਟ ਈ ਵੋਟਿੰਗ ਸਹੂਲਤ ਮੁਹੱਈਆ ਕਰਵਾਉਣ ਲਈ ਨਿਯੁਕਤ ਕੀਤਾ ਗਿਆ ਹੈ।

ਮੈਂਬਰ ਕ੍ਰਿਪਾ ਕਰਕੇ ਧਿਆਨ ਦੇਣ ਕਿ ਪੋਸਟਲ ਬੈਲਟ ਨੋਟਿਸ ਕੰਪਨੀ ਦੀ ਵੈੱਬਸਾਈਟ www.jeenasikho.co.in ਅਤੇ ਸਟਾਕ ਐਕਸਚੇਂਜਿਸ ਜਿੱਥੇ ਕੰਪਨੀ ਦੇ ਇਕੁਇਟੀ ਸ਼ੇਅਰ ਲਿਸਟਡ ਹਨ, ਜੋ ਕਿ ਐੱਨ ਐੱਸ ਈ ਲਿਮਟਿਡ www.nseindia.com 'ਤੇ ਵੀ ਉਪਲੱਬਧ ਸਹੀ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਜੇ ਨੈਣ ਅਤੇ ਐਸੋਸੀਏਟਸ ਨੂੰ ਸਕਿਉਟਿਨੇਾਈਜ਼ਰ ਨਿਯੁਕਤ ਕੀਤਾ ਹੈ ਅਤੇ ਸਕਿਉਟਿਨੇਾਈਜ਼ਰ ਸੋਮਵਾਰ, 27 ਮਾਰਚ 2023 ਨੂੰ ਆਪਣੀ ਰਿਪੋਰਟ ਪੇਸ਼ ਕਰੇਗਾ। ਨਤੀਜੇ ਕੰਪਨੀ ਦੀ ਵੈੱਬਸਾਈਟ ਅਤੇ ਐੱਨ ਐੱਸ ਡੀ ਐੱਲ ਦੀ ਵੈੱਬਸਾਈਟ 'ਤੇ ਵੀ ਪਾਏ ਜਾਣਗੇ।

ਸਿਰਫ ਉਹ ਸ਼ੇਅਰ ਹੋਲਡਰ ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ ਜਾਂ ਲਾਭਪਾਤਰੀ ਮਾਲਕਾਂ ਦੇ ਰਜਿਸਟਰ 'ਚ ਸ਼ੁੱਕਰਵਾਰ, 10 ਫਰਵਰੀ 2023 ("ਕੱਟ ਆਫ ਡੇਟ") 'ਚ ਦਰਜ ਹੋਣਗੇ, ਉਹ ਹੀ ਇਲੈਕਟ੍ਰਾਨੀਕਲੀ ਵੋਟ ਪਾਉਣ ਦੇ ਯੋਗ ਹੋਣਗੇ ਅਤੇ ਉਨ੍ਹਾਂ ਦੇ ਵੋਟ ਦਾ ਅਧਿਕਾਰ ਕੰਪਨੀ ਦੇ ਸ਼ੇਅਰ ਕੈਪੀਟਲ ਦੇ ਪੇਡ ਅੱਪ ਇਕੁਇਟੀ ਸ਼ੇਅਰ ਦੇ ਅਨੁਪਾਤ ਅਨੁਸਾਰ ਹੋਣਗਾ। ਰਿਮੋਟ ਈ-ਵੋਟਿੰਗ ਸਮਾਂ ਬੁੱਧਵਾਰ, 22 ਫਰਵਰੀ 2023 ਸਵੇਰੇ 9.00 ਵਜੇ (ਆਈ ਐੱਸ ਟੀ) ਨੂੰ ਸ਼ੁਰੂ ਹੋਵੇਗਾ ਅਤੇ ਵੀਰਵਾਰ, 23 ਫਰਵਰੀ 2023 ("ਵੋਟਿੰਗ ਸਮਾਂ") ਸ਼ਾਮ ਦੇ 5.00 ਵਜੇ (ਆਈ ਐੱਸ ਟੀ) ਨੂੰ ਖਤਮ ਹੋਵੇਗਾ। ਵੋਟਿੰਗ ਸਮੇਂ ਤੋਂ ਬਾਅਦ ਸੀ ਡੀ ਐੱਸ ਐੱਲ ਵੱਲੋਂ ਰਿਮੋਟ ਈ-ਵੋਟਿੰਗ ਮੋਡਿਊਲ ਅਯੋਗ ਕਰ ਦਿੱਤਾ ਜਾਵੇਗਾ ਅਤੇ ਇਸ ਤੋਂ ਬਾਅਦ ਵੋਟਿੰਗ ਦੀ ਆਗਿਆ ਨਹੀਂ ਹੋਵੇਗੀ। ਇੱਕ ਵਾਰ ਰੈਜ਼ੋਲੂਸ਼ਨ 'ਤੇ ਵੋਟ ਪਾਏ ਜਾਣ ਤੋਂ ਬਾਅਦ ਮੈਂਬਰ ਨੂੰ ਵੋਟ 'ਚ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ।

ਮੈਂਬਰ ਧਿਆਨ ਦੇਣ ਕਿ ਜਿਨ੍ਹਾਂ ਨੇ ਆਪਣੇ ਈ-ਮੇਲ ਪਤੇ ਕੰਪਨੀ/ਡਿਪਾਜ਼ਟਰੀਜ਼ ਕੋਲ ਰਜਿਸਟਰਡ ਨਹੀਂ ਕਰਵਾਏ, ਹੇਠਾਂ ਦਰਸਾਈ ਪ੍ਰਕਿਰਿਆ ਰਾਹੀਂ ਰਜਿਸਟਰ ਕਰਵਾ ਸਕਦੇ ਹਨ :

ਡੀਮੈਟ ਹੋਲਡਿੰਗ : ਡਿਪਾਜ਼ਟਰੀ ਪਾਰਟੀਸੀਪੈਂਟ ("ਡੀ ਪੀ") ਨਾਲ ਸੰਪਰਕ ਕਰਕੇ ਅਤੇ ਡੀਮੈਟ ਖਾਤੇ 'ਚ ਈ ਮੇਲ ਪਤਾ ਅਤੇ ਮੋਬਾਇਲ ਨੰ. ਰਜਿਸਟਰ ਕਰਕੇ, ਜਿਵੇਂ ਕਿ ਡੀ ਪੀ ਵੱਲੋਂ ਦਰਸਾਈ ਪ੍ਰਕਿਰਿਆ ਅਨੁਸਾਰ

ਵਿਸਥਾਰਤ ਹਦਾਇਤਾਂ ਲਈ ਮੈਂਬਰ ਕਿਰਪਾ ਕਰਕੇ ਪੋਸਟਲ ਬੈਲਟ ਨੋਟਿਸ, ਵਿਖਿਆਤਮਕ ਬਿਆਨ ਅਤੇ ਨਾਲ ਹੀ ਈ-ਵੋਟਿੰਗ ਲਈ ਹਦਾਇਤਾਂ ਦਾ ਹਵਾਲਾ ਲੈਣ। ਰਿਮੋਟ ਈ ਵੋਟਿੰਗ ਰਾਹੀਂ ਪੋਸਟਲ ਬੈਲਟ ਤਰੀਕੇ ਨਾਲ ਤਜਵੀਜ਼ਤ ਰੈਜ਼ੋਲੂਸ਼ਨ ਪਾਸ ਕਰਨ ਸੰਬੰਧੀ ਕਿਸੇ ਤਰ੍ਹਾਂ ਦੀ ਪੁੱਛਗਿੱਛ ਲਈ ਮੈਂਬਰ ਕੰਪਨੀ ਸੈਕਟਰੀ ਨੂੰ ਕੰਪਨੀ investors@jeenasikho.co.in 'ਤੇ ਸੰਪਰਕ ਕਰ ਸਕਦੇ ਹਨ।

ਵਾਸਤੇ ਜੀਨਾ ਸੀਖੋ ਲਾਈਫਕੇਅਰ ਲਿਮਟਿਡ
ਸਹੀ/-
ਮਨੀਸ਼ ਗਰੋਵਰ
ਮੈਨੇਜਿੰਗ ਡਾਇਰੈਕਟਰ
ਡੀ ਆਈ ਐੱਨ : 07557886

ਮਿਤੀ : 20 ਫਰਵਰੀ 2023
ਸਥਾਨ : ਜ਼ੀਰਕਪੁਰ, ਪੰਜਾਬ

...ਸਫ਼ਾ 1 ਦੇ ਬਾਕੀ

ਫਿਰਕੂ ਤਾਕਤਾਂ ਭਾਈਚਾਰੇ...

ਨੌਜਵਾਨਾਂ ਨੂੰ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉੱਘੇ ਨਾਟਕਕਾਰ ਮੇਘ ਰਾਜ ਰੱਲਾ ਨੇ ਲੋਕ ਕਲਾ ਮੰਚ ਜ਼ੀਰਾ ਦੇ ਕਲਾਕਾਰ ਸਾਥੀਆਂ ਨਾਲ ਕੋਰੀਓਗਰਾਫੀ ਤੇ ਇਨਕਲਾਬੀ ਨਾਟਕ ਪੇਸ਼ ਕੀਤੇ। ਨਗਰ ਪੰਚਾਇਤ ਜੋਗਾ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਜੋਗਾ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਲੜਕੀਆਂ ਨੂੰ ਖੇਡਾਂ ਵਿੱਚ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਟੇਜ ਦੀ ਕਾਰਵਾਈ ਕ੍ਰਿਸ਼ਨ ਚੌਹਾਨ ਵੱਲੋਂ ਬਾਖੂਬੀ ਨਿਭਾਈ ਗਈ ਅਤੇ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾ: ਕੁਲਵਿੰਦਰ ਸਿੰਘ ਉੱਡਤ, ਛੱਜੂ ਰਾਮ ਰਿਸ਼ੀ, ਕਾਮਰੇਡ ਜਗਜੀਤ ਸਿੰਘ ਜੋਗਾ, ਇਕਾਈ ਸਕੱਤਰ ਰਾਜਾ ਸਿੰਘ ਗੰਢਾ, ਜਥੇਦਾਰ ਮਲਕੀਤ ਸਿੰਘ, ਕੌਂਸਲਰ ਗੁਰਭੇਜ ਸਿੰਘ, ਗੁਰਚਰਨ ਸਿੰਘ ਕਮੇਟੀ ਮੈਂਬਰ, ਸੁਖਦੇਵ ਸਿੰਘ ਰੇਖੀ, ਸਾਬਕਾ ਪ੍ਰਧਾਨ ਮੇਘਾ ਸਿੰਘ ਅਤੇ ਨਗਰ ਪੰਚਾਇਤ ਜੋਗਾ ਦੇ ਸਮੂਹ ਕੌਂਸਲਰਾਂ ਵੱਲੋਂ ਹਾਜ਼ਰੀ ਲਗਵਾਈ ਗਈ।

ਮਾਨ ਨੇ ਕੇਂਦਰੀ ਵਾਤਾਵਰਣ ਮੰਤਰੀ...

ਲਾਉਣਾ ਚਾਹੁੰਦੇ, ਕਿਉਂ ਜੋ ਇਸ ਦਾ ਖਮਿਆਜ਼ਾ ਕਿਸਾਨਾਂ ਦੇ ਪਰਵਾਰਾਂ ਨੂੰ ਵੀ ਭੁਗਤਣਾ ਪੈਂਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਪਰਾਲੀ ਦੀ ਖਰੀਦ ਨੂੰ ਯਕੀਨੀ ਬਣਾ ਕੇ ਇਸ ਖਤਰੇ ਨਾਲ ਨਜਿੱਠਣ ਲਈ ਸਾਂਝੀ ਕਾਰਜ ਯੋਜਨਾ ਤਿਆਰ ਕਰਕੇ ਆਪਸੀ ਸਹਿਯੋਗ ਕਰਨ ਦੀ ਲੋੜ ਹੈ। ਸੂਬਾ ਸਰਕਾਰ ਨੇ ਖੇਤੀ ਵਿਭਿੰਨਤਾ ਨੂੰ ਪ੍ਰੇਰਿਤ ਕਰਨ ਵਾਸਤੇ ਸਾਰੀਆਂ ਫਸਲਾਂ ਦੇ ਨਿਸਚਿਤ ਭਾਅ ਦੀ ਵੱਡੀ ਜ਼ਿੰਮੇਵਾਰੀ ਪਹਿਲਾਂ ਹੀ ਚੁੱਕੀ ਹੋਈ ਹੈ। ਉਹਨਾ ਕਿਹਾ ਕਿ ਇਸ ਲਈ ਸੂਬਾ ਸਰਕਾਰ ਨੇ ਪਹਿਲੀ ਵਾਰ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਲੱਭਣ ਲਈ ਉਨ੍ਹਾਂ ਨਾਲ ਰਾਬਤਾ ਕਾਇਮ ਕੀਤਾ ਹੈ।

ਫਸਲੀ ਚੱਕਰ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਝੋਨੇ ਦੀਆਂ ਅਜਿਹੀਆਂ ਕਿਸਮਾਂ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ, ਜੋ ਪੱਕਣ ਲਈ ਘੱਟ ਤੋਂ ਘੱਟ ਸਮਾਂ ਲੈਂਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਪਹਿਲਕਦਮੀਆਂ ਕੀਤੀਆਂ ਹਨ। ਉਹਨਾ ਕਿਹਾ ਕਿ ਪੰਜਾਬ ਸਰਕਾਰ ਸੂਬੇ 'ਚ ਨਿਵੇਸ਼ ਕਰਨ ਲਈ ਕਈ ਕੰਪਨੀਆਂ ਨਾਲ ਗੱਲਬਾਤ ਕਰ ਰਹੀ ਹੈ।

ਇਸ ਤੋਂ ਪਹਿਲਾਂ ਵਾਤਾਵਰਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਾਨਫਰੰਸ ਵਿੱਚ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਭੁਪਿੰਦਰ ਯਾਦਵ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਫੁਲਕਾਰੀ, ਬੂਟਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਨਾਲ ਸਨਮਾਨਤ ਕੀਤਾ।

ਕੰਮ ਦੀ ਗਰੰਟੀ ਲਈ...

ਦਿੰਦੇ ਸਨ। ਉਨ੍ਹਾ ਖੋਟੇ ਵਾਸੀਆਂ ਦਾ ਬਰਸੀ ਲਈ ਆਰਥਕ ਸਹਿਯੋਗ ਦੇਣ ਲਈ ਵਿਸ਼ੇਸ਼ ਤੌਰ 'ਤੇ ਸ਼ੁਕਰੀਆ ਵੀ ਅਦਾ ਕੀਤਾ।

ਕਾਮਰੇਡ ਰੁਲਦੂ ਖਾਂ ਦੀ ਜੀਵਨੀ ਬਾਰੇ ਗੱਲ ਕਰਦਿਆਂ ਜਗਰੂਪ ਸਿੰਘ ਨੇ ਦੱਸਿਆ ਕਿ ਉਹ ਦੇਸ਼ ਵੰਡ ਵੇਲੇ ਭਰ ਜੁਆਨੀ ਵਿੱਚ ਸਨ। ਜਿਸ ਵੇਲੇ ਉਨ੍ਹਾ ਦੇ ਵਿਆਹ ਲਈ ਇੱਕ ਰਿਸ਼ਤਾ ਹੋ ਗਿਆ ਸੀ, ਉਸੇ ਵੇਲੇ ਦੇਸ਼ ਦੀ ਵੰਡ ਦਾ ਐਲਾਨ ਹੋ ਗਿਆ। ਲੜਕੀ ਵਾਲੇ ਪਰਵਾਰ ਨੂੰ ਓਧਰਲੇ ਪਾਰ ਜਾਣਾ ਪਿਆ, ਪਰ ਕਾਮਰੇਡ ਨੇ ਫੈਸਲਾ ਕੀਤਾ ਕਿ ਮੈਂ ਪਾਕਿਸਤਾਨ ਨਹੀਂ ਜਾਵਾਂਗਾ ਅਤੇ ਨਾਲ ਹੀ ਐਲਾਨ ਕੀਤਾ ਕਿ ਹੁਣ ਹੋਰ ਕਿਸੇ ਲੜਕੀ ਨਾਲ ਵਿਆਹ ਵੀ ਨਹੀਂ ਕਰਾਂਗਾ ਤੇ ਸਾਰਾ ਧਿਆਨ ਮਿਹਨਤਕਸ਼ ਲੋਕਾਂ ਨੂੰ ਜੱਥੇਬੰਦ ਕਰਨ ਵੱਲ ਕੇਂਦਰਤ ਕਰਾਂਗਾ। ਉਨ੍ਹਾ ਸਮਾਜਵਾਦੀ ਸਮਾਜ ਦੀ ਸਥਾਪਤੀ ਲਈ ਕਮਿਊਨਿਸਟ ਲਹਿਰ ਵਿੱਚ ਕੰਮ ਕਰਨਾ ਜਾਰੀ ਰਖਦਿਆਂ ਤਹਿ ਕੀਤਾ ਕਿ ਖੇਤਾਂ ਵਿੱਚ ਕਿਰਤ ਸ਼ਕਤੀ ਵੇਚ ਕੇ ਗੁਜ਼ਾਰਾ ਕਰਦੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਾਂਗਾ। ਉਨ੍ਹਾ ਫਰੀਦਕੋਟ ਜ਼ਿਲ੍ਹੇ ਦੇ ਖੇਤ ਮਜ਼ਦੂਰਾਂ ਨੂੰ ਏਨੇ ਸ਼ਾਨਦਾਰ ਢੰਗ ਨਾਲ ਜਥੇਬੰਦ ਕੀਤਾ ਕਿ ਇਕੱਲੇ ਜ਼ਿਲ੍ਹੇ ਵਿੱਚੋਂ ਇੱਕ ਲੱਖ ਤੋਂ ਵਧੇਰੇ ਮੈਂਬਰਸ਼ਿਪ ਭਰਤੀ ਦਾ ਰਿਕਾਰਡ ਕਾਇਮ ਕੀਤਾ। ਇਸ ਪ੍ਰਾਪਤੀ ਲਈ ਕਾਮਰੇਡ ਖਾਂ ਨੂੰ ਭਾਰਤੀਆ ਖੇਤ ਮਜ਼ਦੂਰ ਯੂਨੀਅਨ (ਬੀ ਕੇ ਐੱਮ ਯੂ) ਦੇ ਰਾਜਗੀਰ (ਬਿਹਾਰ) ਕੌਮੀ ਅਜਲਾਸ ਵਿੱਚ ਸਨਮਾਨਤ ਵੀ ਕੀਤਾ ਗਿਆ। ਜਗਰੂਪ ਸਿੰਘ ਨੇ ਕਿਹਾ ਕਿ 2024 ਵਿੱਚ ਫਾਸ਼ੀ ਰੁਚੀ ਵਾਲੀ ਤੇ ਭਾਈਚਾਰਕ ਸਾਂਝ ਦੀ ਦੁਸ਼ਮਣ ਕੇਂਦਰ ਸਰਕਾਰ ਨੂੰ ਸੱਤਾ ਤੋਂ ਚੱਲਦੀ ਕਰਨਾ ਭਾਰਤ ਦੀ ਅਣਸਰਦੀ ਲੋੜ ਹੈ, ਜਿਸ ਦੀ ਪ੍ਰਾਪਤੀ ਲਈ ਕੰਮ ਮੰਗਦੇ ਬੇਰੁਜ਼ਗਾਰਾਂ ਲਈ ਕੰਮ ਦੀ ਗਰੰਟੀ ਕਰਦਾ ਕਨੂੰਨ 'ਬਨੇਗਾ' ਅਤੇ ਸਾਰੀਆਂ ਫਸਲਾਂ ਤੇ ਫਲਾਂ ਦੀ ਖਰੀਦ ਗਰੰਟੀ ਲਈ ਕੇਰਲਾ ਦੀ ਤਰਜ਼ 'ਤੇ 'ਐੱਮ ਐੱਸ ਪੀ' ਦਾ ਕਨੂੰਨ ਹਰੇਕ ਨੂੰ ਦੱਸ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਵਰਗੇ ਮੁੱਦਿਆਂ 'ਤੇ ਲੋਕ ਲਾਮਬੰਦੀ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਬਹੁਗਿਣਤੀ ਦੀ ਲਾਮਬੰਦੀ ਕਰਕੇ ਹੀ ਵੰਡਵਾਦੀ ਤਾਕਤਾਂ ਨੂੰ ਹਾਰ ਦਿੱਤੀ ਜਾ ਸਕਦੀ ਹੈ। ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਡੂੰਘੇ ਖੇਤੀ ਅਤੇ ਪਾਣੀ ਸੰਕਟ ਦਾ ਸ਼ਿਕਾਰ ਹੈ। ਕਿਸਾਨ-ਮਜ਼ਦੂਰ ਬੁਰੀ ਤਰ੍ਹਾਂ ਕਰਜ਼ੇ ਦੇ ਜਾਲ ਵਿੱਚ ਫਸ ਚੁੱਕੇ ਹਨ। ਕਾਰਪੋਰੇਟ ਘਰਾਣਿਆਂ ਦੇ ਇਸ਼ਾਰੇ 'ਤੇ ਪੰਜਾਬ ਨੂੰ ਉਜਾੜੇ ਵੱਲ ਧੱਕਿਆ ਗਿਆ ਹੈ। ਉਨ੍ਹਾ ਫਿਰ ਤੋਂ ਅਜ਼ਾਦੀ ਤੋਂ ਪਹਿਲਾਂ ਵਰਗੀ ਮਜ਼ਬੂਤ ਅਤੇ ਭਰੋਸੇਯੋਗ ਦੇਸ਼ ਪੱਧਰੀ ਕਿਸਾਨ ਲਹਿਰ ਉਸਾਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਬਾਬਾ ਸੋਹਣ ਸਿੰਘ ਭਕਨਾ, ਤੇਜਾ ਸਿੰਘ ਸੁਤੰਤਰ, ਜੰਗੀਰ ਸਿੰਘ ਜੋਗਾ ਵਰਗੇ ਧੜੱਲੇਦਾਰ ਆਗੂਆਂ ਵੱਲੋਂ ਜੱਥੇਬੰਦ ਕੀਤੀ ਕੁਲ ਹਿੰਦ ਕਿਸਾਨ ਸਭਾ ਨੂੰ ਮਜ਼ਬੂਤ ਕਰਨ ਦੀ ਸਖਤ ਲੋੜ ਹੈ। ਸਮਾਗਮ ਵਿੱਚ ਸ਼ਹੀਦ ਕਾਮਰੇਡ ਰਣਧੀਰ ਸਿੰਘ ਰਾਊਕੇ ਦੇ ਬੇਟੇ ਅਤੇ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਕਮੇਟੀ ਮੈਂਬਰ ਪ੍ਰਿਤਪਾਲ ਸਿੰਘ ਕੈਨੇਡੀਅਨ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ। ਪੰਜਾਬ ਵਿੱਚ ਚੱਲੇ ਕਾਲੇ ਦੌਰ ਦੌਰਾਨ ਕਾਮਰੇਡ ਖਾਂ ਦੀ ਸੁਰੱਖਿਆ ਲਈ ਆਪਣੇ-ਆਪ ਨੂੰ ਪੇਸ਼ ਕਰਨ ਵਾਲੇ ਕਾਮਰੇਡ ਨਾਜ਼ਰ ਸਿੰਘ ਨੂੰ ਪਾਰਟੀ ਦਾ ਝੰਡਾ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰੁਜ਼ਗਾਰ ਪ੍ਰਾਪਤੀ ਸੱਭਿਆਚਾਰਕ ਮੰਚ ਮੋਗਾ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਅਧਾਰਤ ਨਾਟਕ 'ਛਿਪਣ ਤੋਂ ਪਹਿਲਾਂ' ਅਤੇ ਕਿਸਾਨ ਮੋਰਚੇ ਤੋਂ ਚਰਚਿੱਤ 'ਭੰਡਾਂ ਦੇ ਟੋਟਕੇ' ਵੀ ਪੇਸ਼ ਕੀਤੇ ਗਏ। ਹਰਭਜਨ ਸਿੰਘ ਬਿਲਾਸਪੁਰ ਦੇ ਕਵੀਸ਼ਰੀ ਜਥੇ ਨੇ ਇਨਕਲਾਬੀ ਕਵੀਸ਼ਰੀ ਤੇ ਵਾਰਾਂ ਪੇਸ਼ ਕੀਤੀਆਂ ਗਈਆਂ। ਸਮਾਗਮ ਨੂੰ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਸ਼ੇਰ ਸਿੰਘ ਸਰਪੰਚ, ਜਗਰਾਜ ਸਿੰਘ ਰਾਮਾ, ਗੁਰਦਿੱਤ ਸਿੰਘ ਦੀਨਾ, ਨਿਰਮਲ ਸਿੰਘ ਰਿਟਾਇਰਡ ਐਕਸੀਅਨ ਤੇ ਸਤਵੰਤ ਸਿੰਘ ਨੇ ਵੀ ਸੰਬੋਧਨ ਕੀਤਾ। ਸੁਖਵੰਤ ਸਿੰਘ ਦੀ ਅਗਵਾਈ ਹੇਠ ਰੋਟੀ, ਚਾਹ, ਪਾਣੀ ਦੇ ਲੰਗਰ ਸਮੇਤ ਸਾਰੇ ਪ੍ਰਬੰਧ ਬਾਖੂਬੀ ਢੰਗ ਨਾਲ ਨਿਭਾਏ ਗਏ। ਇਸ ਮੌਕੇ ਸੁਖਦੇਵ ਸਿੰਘ ਭੋਲਾ, ਬੂਟਾ ਸਿੰਘ ਰਾਊਕੇ, ਸੁਖਦੇਵ ਸਿੰਘ ਕੈਨੇਡੀਅਨ, ਗੁਰਦੇਵ ਸਿੰਘ ਕਿਰਤੀ, ਬਲਵਿੰਦਰ ਸਿੰਘ ਖੋਟੇ, ਜਿੰਦਰਪਾਲ ਸਿੰਘ ਰਾਊਕੇ, ਅੰਗਰੇਜ਼ ਸਿੰਘ ਖੋਟੇ, ਬਲਰਾਜ ਸਿੰਘ ਬੱਧਨੀ ਤੇ ਇੰਦਰਜੀਤ ਦੀਨਾ ਆਦਿ ਆਗੂ ਹਾਜ਼ਰ ਸਨ।

ਇਲਾਕੇ ਦੇ ਸਤਿਕਾਰਤ...

ਕਾਰਨ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਾਬਕਾ ਐੱਸ ਪੀ ਕੇਹਰ ਸਿੰਘ ਨੇ ਉਹਨਾ ਨੂੰ ਬਹੁਤ ਹੀ ਵਧੀਆ ਇਨਸਾਨ ਦੱਸਿਆ। ਸਾਬਕਾ ਸਿੰਚਾਈ ਮੰਤਰੀ ਗੁਰਚੇਤ ਸਿੰਘ ਭੁੱਲਰ ਨੇ ਕਿਹਾ ਕਿ ਉਹ ਪੰਚਾਇਤ ਵਿੱਚ ਸੱਚੇ ਨੂੰ ਸੱਚਾ ਅਤੇ ਝੂਠੇ ਨੂੰ ਝੂਠਾ ਕਹਿਣ ਦੀ ਹਿੰਮਤ ਰੱਖਦੇ ਸਨ। ਉਹਨਾ ਅਨੇਕਾਂ ਪਿੰਡ ਦੇ ਝਗੜੇ ਆਪਣੀ ਸੂਝ-ਬੂਝ ਨਾਲ ਨਿਪਟਾਏ।

ਸਮਾਗਮ ਵਿੱਚ ਕਿਰਨਜੀਤ ਸਿੰਘ ਮਿੱਠਾ, ਸਾਬਕਾ ਸਰਪੰਚ ਸੁਖਦੇਵ ਸਿੰਘ ਬਾਬੇਕੇ, ਸਾਬਕਾ ਸਰਪੰਚ ਗੁਰਸੇਵਕ ਸਿੰਘ ਬੱਬੂ, ਨਛੱਤਰ ਸਿੰਘ ਰਗੜ੍ਹ, ਰਮਨਦੀਪ ਸਿੰਘ ਸ਼ਾਹ, ਸਰਪੰਚ ਸੁਰਿੰਦਰ ਸਿੰਘ ਬੁੱਗ, ਰਿਟਾਇਰਡ ਸੁਪਰਡੈਂਟ ਡੀ ਸੀ ਡਬਲਯੂ ਪਟਿਆਲਾ, ਦਰਸ਼ਨ ਸਿੰਘ ਢਿੱਲੋਂ ਆਦਿ ਪਰਵਾਰਕ ਮੈਂਬਰ ਅਤੇ ਰਿਸ਼ਤੇਦਾਰ ਹਾਜ਼ਰ ਸਨ। ਸਟੇਜ ਦੀ ਕਾਰਵਾਈ ਉਹਨਾ ਦੇ ਭਤੀਜੇ ਪੂਰਨ ਸਿੰਘ ਮਾੜੀਮੇਘਾ ਨੇ ਨਿਭਾਈ। ਅਖੀਰ 'ਚ ਉਹਨਾ ਦੇ ਬੇਟੇ ਜਗਦੀਸ਼ ਸਿੰਘ ਬੱਬੂ ਨੂੰ ਜ਼ਿੰਮੇਵਾਰੀ ਦੀ ਪੱਗ ਦਿੱਤੀ ਗਈ।

ਪਲੈਨਰੀ ਸੈਸ਼ਨ ਤੋਂ ...

ਛਾਪਿਆਂ ਤੋਂ ਬਾਅਦ ਕਾਂਗਰਸ ਨੇ ਕਿਹਾ ਕਿ ਉਹ ਬਦਲਾਖੋਰੀ ਅਤੇ ਤੰਗ-ਪ੍ਰੇਸ਼ਾਨ ਕਰਨ ਦੀ ਰਾਜਨੀਤੀ ਅੱਗੇ ਨਹੀਂ ਝੁਕੇਗੀ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਪੱਤਰਕਾਰਾਂ ਅੱਗੇ ਸੁਆਲ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨਪਸੰਦ ਉਦਯੋਗਪਤੀ ਗੌਤਮ ਅਡਾਨੀ ਦੀ ਜਾਂਚ ਕਿਉਂ ਨਹੀਂ ਕੀਤੀ ਜਾ ਰਹੀ, ਜਦੋਂ ਉਸ ਦੇ ਗੈਰ-ਕਾਨੂੰਨੀ ਕੰਮ ਰੋਜ਼ਾਨਾ ਸਾਹਮਣੇ ਆ ਰਹੇ ਹਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਪਿਛਲੇ 9 ਸਾਲਾਂ ਵਿਚ ਈ ਡੀ ਨੇ ਜਿੰਨੇ ਛਾਪੇ ਮਾਰੇ ਹਨ, ਉਨ੍ਹਾਂ ਵਿੱਚੋਂ 95 ਫੀਸਦੀ ਆਪੋਜ਼ੀਸ਼ਨ ਆਗੂਆਂ ਤੇ ਉਨ੍ਹਾਂ ਵਿੱਚੋਂ ਵੀ ਬਹੁਤੇ ਕਾਂਗਰਸੀ ਆਗੂਆਂ 'ਤੇ ਮਾਰੇ ਹਨ। ਮੁੱਖ ਮੰਤਰੀ ਬਘੇਲ ਨੇ ਕਿਹਾ ਅਡਾਨੀ ਦੀ ਸੱਚਾਈ ਸਾਹਮਣੇ ਆਉਣ ਤੇ ਭਾਰਤ ਜੋੜੋ ਯਾਤਰਾ ਤੋਂ ਹਤਾਸ਼ ਭਾਜਪਾ ਧਿਆਨ ਭਟਕਾਉਣ ਲਈ ਅਜਿਹੀਆਂ ਹਰਕਤਾਂ ਕਰ ਰਹੀ ਹੈ। ਉਹ ਸੈਸ਼ਨ ਦੀ ਤਿਆਰੀ ਵਿਚ ਲੱਗੇ ਸਾਥੀਆਂ ਦੇ ਹੌਸਲੇ ਤੋੜ ਨਹੀਂ ਸਕਦੀ। ਈ ਡੀ ਦਾ ਦੋਸ਼ ਹੈ ਕਿ ਹਰ ਟਨ ਕੋਇਲੇ ਦੀ ਟਰਾਂਸਪੋਰਟੇਸ਼ਨ 'ਤੇ 25 ਰੁਪਏ ਦੀ ਨਾਜਾਇਜ਼ ਵਸੂਲੀ ਕੀਤੀ ਗਈ। ਇਸ ਵਿਚ ਸਿਆਸਤਦਾਨ, ਅਫਸਰ ਤੇ ਵਪਾਰੀ ਸ਼ਾਮਲ ਸਨ। ਉਸ ਮੁਤਾਬਕ 500 ਕਰੋੜ ਦਾ ਘੁਟਾਲਾ ਹੋਇਆ। ਇਸ ਮਾਮਲੇ ਵਿਚ ਇਕ ਆਈ ਏ ਐੱਸ ਅਫਸਰ ਤੇ 9 ਹੋਰ ਲੋਕ ਜੇਲ੍ਹ ਵਿਚ ਹਨ।

PHF LEASING LIMITED
CIN : L65110PB1992PLC012488 E-Mail id : phf_leasingltd@yahoo.co.in
Regd. Off : 923, G.T. Road, Jalandhar – 144001, Punjab
Website : www.phfleasing.com Ph : 0181-4639903-06

ਅਸਧਾਰਨ ਜਨਰਲ ਮੀਟਿੰਗ ਦਾ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਕਾਰਪੋਰੇਟ ਮਾਮਲੇ ਮੰਤਰਾਲਾ (ਐੱਮ ਸੀ ਏ) ਅਤੇ ਸੇਬੀ ਲਿਸਟਿੰਗ ਰੈਗੂਲੇਸ਼ਨਜ਼ ਦੇ ਜਾਰੀ ਜਨਰਲ ਸਰਕੂਲਰ ਨੰ. 14/2020, 17/2020,22/2020, 33/2020, 39/2020, 10/2021,20/2021 ਅਤੇ 11/2022 ਦੀ ਪਾਲਣਾ 'ਚ ਕੰਪਨੀ ਦੀ ਅਸਧਾਰਨ ਜਨਰਲ ਮੀਟਿੰਗ (ਈ ਜੀ ਐੱਮ) ਵੀਰਵਾਰ, 16 ਮਾਰਚ, 2023 ਨੂੰ ਸਵੇਰੇ 11.00 ਵਜੇ ਵੀਡੀਓ ਕਾਨਫਰੰਸਿੰਗ (ਵੀ ਸੀ) ਹੋਰ ਆਡੀਓ ਵਿਜ਼ਅਲ ਢੰਗਾਂ (ਓ ਏ ਵੀ ਐੱਮ) ਰਾਹੀਂ ਮਿਤੀ 14 ਫਰਵਰੀ 2023 ਦੇ ਈ ਜੀ ਐੱਮ ਨੋਟਿਸ 'ਚ ਉਲੀਕੇ ਗਏ ਨਾ-ਟਾਲੇ ਜਾਣ ਵਾਲੇ ਵਿਸ਼ੇਸ਼ ਬਿਜ਼ਨਸ ਦੇ ਨਿਪਟਾਰੇ ਲਈ ਰੱਖੀ ਗਈ ਹੈ।

ਉਪਰੋਕਤ ਸਰਕੂਲਰਾਂ ਦੀ ਪਾਲਣਾ 'ਚ ਈ ਜੀ ਐੱਮ ਨੋਟਿਸ ਸਮੇਤ ਵਿਖਿਆਤਮਕ ਬਿਆਨ ਉਨ੍ਹਾਂ ਸਾਰੇ ਸ਼ੇਅਰ ਹੋਲਡਰਾਂ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਡਿਪਾਜ਼ਟਰੀ ਪਾਰਟੀਸੀਮੈਂਟ/ਰਜਿਸਟਰਾਰ ਕੋਲ ਸ਼ੁੱਕਰਵਾਰ, 10 ਫਰਵਰੀ, 2023 ਤੱਕ ਜਾਂ ਪਹਿਲਾਂ ਰਜਿਸਟਰਡ ਹਨ, ਨੂੰ ਈਮੇਲ ਰਾਹੀਂ ਭੇਜੇ ਜਾ ਚੁੱਕੇ ਹਨ।

ਨੋਟਿਸ ਕੰਪਨੀ ਦੀ ਵੈੱਬਸਾਈਟ www.phfleasing.com ਅਤੇ ਐੱਨ ਐੱਸ ਡੀ ਐੱਲ ਦੀ ਵੈੱਬਸਾਈਟ www.evoting.nsdl.com ਵਿਖੇ ਵੀ ਉਪਲੱਬਧ ਹੈ।

ਈਮੇਲ ਪਤਾ ਰਜਿਸਟਰ/ਅਪਡੇਟ ਕਰਨ ਦਾ ਤਰੀਕਾ

ਅੱਗੇ, ਜਿਨ੍ਹਾਂ ਸ਼ੇਅਰਧਾਰਕਾਂ ਕੋਲ ਭੌਤਿਕ ਤੌਰ 'ਤੇ ਸ਼ੇਅਰ ਹਨ, ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈ-ਮੇਲ ਪਤੇ ਅਤੇ ਮੋਬਾਇਲ ਨੰਬਰ ਆਪਣੇ ਸੰਬੰਧਤ ਡਿਪਾਜ਼ਟਰੀਜ਼ ਕੋਲ ਡਿਪਾਜ਼ਟਰੀ ਪਾਰਟੀਸੀਪੈਂਟਸ ਰਾਹੀਂ ਰਜਿਸਟਰ ਕਰਵਾਉਣ। ਬੇਸ਼ੱਕ ਨੋਟਿਸ ਪ੍ਰਾਪਤੀ ਦੇ ਮੰਤਵ ਲਈ ਆਰਜ਼ੀ ਰਜਿਸਟਰੇਸ਼ਨ ਲਈ ਸ਼ੇਅਰ ਧਾਰਕ ਕੰਪਨੀ ਕੋਲ ਆਪਣੇ ਈਮੇਲ ਪਤੇ ਰਜਿਸਟਰ ਕਰਵਾ ਸਕਦੇ ਹਨ।

ਭੌਤਿਕ ਤੌਰ 'ਤੇ ਸ਼ੇਅਰ ਰੱਖਣ ਵਾਲੇ ਸ਼ੇਅਰਧਾਰਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈਮੇਲ ਪਤੇ ਕੰਪਨੀ ਨਾਲ ਰਜਿਸਟਰ ਕਰਵਾਉਣ ਲਈ ਕੁਮਾਰੀ ਸ਼ਿਖਾ ਕਪੂਰ, ਕੰਪਨੀ ਸੈਕਟਰੀ ਅਤੇ ਕੰਪਲਾਇੰਸ ਅਫਸਰ ਨੂੰ ਈਮੇਲ ਪਤਾ compliances@phfleasing.in ਨੂੰ ਲਿਖਣ ਜਾਂ ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ, ਮੈਸ: ਸਕਾਈਲਾਈਨ ਫਾਇਨੈਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦੇ ਈ ਮੇਲ ਪਤੇ admin@skylinerta.com 'ਤੇ ਆਪਣਾ ਫੋਲੀਓ ਨੰਬਰ, ਸਰਟੀਫਿਕੇਟ ਨੰਬਰ, ਪੈਨ, ਮੋਬਾਇਲ ਨੰ., ਈਮੇਲ ਪਤਾ ਸਮੇਤ ਖੁਦ ਤਸਦੀਕਸ਼ੁਦਾ ਆਪਣਾ ਪੈਨ ਕਾਰਡ/ਅਧਾਰ/ਯੋਗ ਪਾਸਪੋਰਟ ਅਤੇ ਸ਼ੇਅਰ ਸਰਟੀਫਿਕੇਟ ਆਦਿ ਦੀ ਕਾਪੀ ਨਾਲ ਲਿਖਿਆ ਜਾਵੇ।

ਈ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ ਅਤੇ ਵੋਟਿੰਗ

ਕੰਪਨੀ ਆਪਣੇ ਮੈਂਬਰਾਂ ਨੂੰ ਈ ਜੀ ਐੱਮ 'ਚ ਉਲੀਕੇ ਗਏ ਬਿਜ਼ਨਸ ਤੇ ਇਲੈਕਟ੍ਰਾਨਿਕ ਵੋਟਿੰਗ ਪ੍ਰਣਾਲੀ ਰਾਹੀਂ ਰਿਮੋਟ ਰਾਹੀਂ ਵੋਟ ਪਾਉਣ ਦੀ ਸਹੂਲਤ ਵੀ ਮੁਹੱਈਆ ਕਰਵਾ ਰਹੀ ਹੈ।

ਈ ਵੋਟਿੰਗ ਦਾ ਤਰੀਕਾ ਹੇਠਾਂ ਦਰਸਾਇਆ ਗਿਆ ਹੈ :

1. ਇੱਕ ਵਿਅਕਤੀ ਜਿਸ ਦਾ ਨਾਂਅ ਕੱਟ ਆਫ ਡੇਟ ਜੋ ਕਿ ਬੁੱਧਵਾਰ, 08 ਮਾਰਚ 2023 ਮੈਂਬਰਾਂ ਦੇ ਲਾਭਪਾਤਰੀ ਮਾਲਕਾਂ ਵਾਲੇ ਰਜਿਸਟਰਾਰ 'ਚ ਰਿਕਾਰਡਿਡ ਹੋਵੇਗਾ, ਨੂੰ ਹੀ ਰਿਮੋਟ ਈ-ਵੋਟਿੰਗ ਦੀ ਸਹੂਲਤ ਪ੍ਰਾਪਤ ਹੋਵੇਗੀ।
2. ਰਿਮੋਟ ਈ-ਵੋਟਿੰਗ ਦਾ ਸਮਾਂ ਸੋਮਵਾਰ, 13 ਮਾਰਚ 2023 (ਸਵੇਰੇ 9.00 ਵਜੇ ਆਈ ਐੱਸ ਟੀ) ਨੂੰ ਸ਼ੁਰੂ ਹੋ ਕੇ ਬੁੱਧਵਾਰ, 15 ਮਾਰਚ 2023 (ਸ਼ਾਮ ਦੇ 5.00 ਵਜੇ ਆਈ ਐੱਸ ਟੀ) ਨੂੰ ਖਤਮ ਹੋਵੇਗਾ। ਇਸ ਤੋਂ ਬਾਅਦ ਐੱਨ ਐੱਸ ਡੀ ਐੱਲ ਵੱਲੋਂ ਰਿਮੋਟ ਈ-ਵੋਟਿੰਗ ਮੋਡਿਊਲ ਅਯੋਗ ਕਰ ਦਿੱਤਾ ਜਾਵੇਗਾ। ਜਦੋਂ ਇੱਕ ਮੈਂਬਰ ਵੱਲੋਂ ਰੈਜ਼ੂਲੇਸ਼ਨ 'ਤੇ ਵੋਟ ਪਾ ਦਿੱਤੀ ਜਾਵੇਗੀ, ਉਸ ਨੂੰ ਇਸ 'ਚ ਕੋਈ ਤਬਦੀਲੀ ਕਰਨ ਜਾਂ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ।
3. ਕੋਈ ਵਿਅਕਤੀ, ਜੋ ਸ਼ੇਅਰ ਇਕੁਆਇਰ ਕਰਕੇ ਅਤੇ ਈ ਜੀ ਐੱਮ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦਾ ਮੈਂਬਰ ਬਣਦਾ ਹੈ ਅਤੇ ਕੱਟ ਆਫ ਡੇਟ, ਨੂੰ ਸ਼ੇਅਰ ਰੱਖਦਾ ਹੈ ਤਾਂ ਉਹ Compliances@phfleasing.in ਜਾਂ evoting@nsdl.co.in ਜਾਂ admin@skylinerta.com 'ਤੇ ਬੇਨਤੀ ਕਰ ਕੇ ਲਾਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਬੇਸ਼ੱਕ ਜੇਕਰ ਕੋਈ ਵਿਅਕਤੀ ਪਹਿਲਾਂ ਹੀ ਈ ਵੋਟਿੰਗ ਲਈ ਐੱਨ ਐੱਸ ਡੀ ਐੱਲ ਕੋਲ ਰਜਿਸਟਰਡ ਹੈ ਤਾਂ ਉਹ ਮੌਜੂਦਾ ਯੂਜ਼ਰਜ਼ ਆਈ ਡੀ ਅਤੇ ਪਾਸਵਰਡ ਵੋਟ ਪਾਉਣ ਲਈ ਵਰਤ ਸਕਦਾ ਹੈ।
4. ਈ ਜੀ ਐੱਮ ਵਾਲੇ ਦਿਨ ਈ ਵੋਟਿੰਗ ਦੀ ਪ੍ਰਕਿਰਿਆ ਰਿਮੋਟ ਈ ਵੋਟਿੰਗ ਨੋਟਿਸ 'ਚ ਦਰਸਾਈਆਂ ਗਈਆਂ ਹਦਾਇਤਾਂ ਅਨੁਸਾਰ ਹੋਵੇਗੀ।
5. ਸਿਰਫ ਉਹ ਸ਼ੇਅਰ ਧਾਰਕ ਜਿਹੜੇ ਕਿ ਵੀ ਸੀ/ਓ ਏ ਵੀ ਐੱਮ ਸਹੂਲਤ ਰਾਹੀਂ ਏ ਜੀ ਐੱਮ 'ਚ ਹਾਜ਼ਰ ਹੋਣਗੇ ਅਤੇ ਰਿਮੋਟ ਈ ਵੋਟਿੰਗ ਰਾਹੀਂ ਰੈਜ਼ੋਲੂਸ਼ਨਾਂ 'ਤੇ ਆਪਣੀ ਵੋਟ ਨਹੀਂ ਪਾਈ ਹੋਵੇਗੀ ਅਤੇ ਉਹਨਾਂ 'ਤੇ ਅਜਿਹਾ ਕਰਨ 'ਤੇ ਪਾਬੰਦੀ ਨਹੀਂ ਲੱਗੀ ਹੋਵੇਗੀ ਈ ਜੀ ਐੱਮ ਦੌਰਾਨ ਉਪਲੱਬਧ ਈ ਵੋਟਿੰਗ ਰਾਹੀਂ ਵੋਟ ਪਾਉਣ ਦੇ ਯੋਗ ਹੋਣਗੇ।
6. ਰਿਮੋਟ ਈ ਵੋਟਿੰਗ ਰਾਹੀਂ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰ ਚੁੱਕੇ ਮੈਂਬਰ ਈ ਜੀ ਐੱਮ 'ਚ ਹਿੱਸਾ ਲੈ ਸਕਦੇ ਹਨ, ਪ੍ਰੰਤੂ ਈ ਜੀ ਐੱਮ ਦੌਰਾਨ ਉਹਨਾਂ ਨੂੰ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ। ਵੀ ਸੀ ਜਾਂ ਓ ਏ ਵੀ ਐੱਮ ਰਾਹੀਂ ਮੀਟਿੰਗ 'ਚ ਹਾਜ਼ਰ ਸੰਬੰਧੀ ਹਦਾਇਤਾਂ ਦੇ ਵੇਰਵੇ ਲਈ ਨੋਟਿਸ ਦਾ ਹਵਾਲਾ ਲਿਆ ਜਾਵੇਗਾ।

ਈ ਜੀ ਐੱਮ 'ਚ ਹਾਜ਼ਰੀ ਅਤੇ ਈ-ਵੋਟਿੰਗ ਪ੍ਰਣਾਲੀ ਰਾਹੀਂ ਈ-ਵੋਟਿੰਗ ਸੰਬੰਧੀ ਕਿਸੇ ਤਰ੍ਹਾਂ ਦੀ ਪੁੱਛਗਿੱਛ ਲਈ ਤੁਸੀਂ ਅਕਸਰ ਪੁੱਛੇ ਜਾਂਦੇ ਸਵਾਲਾਂ ('ਐੱਫ ਏ ਕਿਊਜ਼') ਅਤੇ ਹੈਲਪਲਾਈਨ ਸੈਕਸ਼ਨ ਅਧੀਨ www.evotingindia.com, 'ਤੇ ਉਪਲੱਬਧ ਈ-ਵੋਟਿੰਗ ਮੈਨੂਅਲ ਦਾ ਹਵਾਲਾ ਲਿਆ ਜਾਵੇ ਜਾਂ www.evoting@nsdl.co.in 'ਤੇ ਈਮੇਲ ਲਿਖੀ ਜਾਵੇ ਜਾਂ ਟੋਲ ਫਰੀ ਨੰ. 1800 1020 990 ਅਤੇ 1800 22 4430 'ਤੇ ਕਾਲ ਕੀਤੀ ਜਾਵੇ।

ਵਾਸਤੇ ਪੀ ਐੱਚ ਐੱਫ ਲੀਜ਼ਿੰਗ ਲਿਮਟਿਡ
ਸਹੀ/-
ਸ਼ਿਖਾ ਕਪੂਰ ਕੰਪਨੀ ਸੈਕਟਰੀ,ਐੱਮ ਨੰ. ਏ-19146

ਮਿਤੀ : 20 ਫਰਵਰੀ 2023
ਸਥਾਨ : ਜਲੰਧਰ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK